# ਖਤਰੇ ਦਾ ਮੁਲਾਂਕਣ ਅਤੇ ਨਿਗਰਾਨੀ: ਵਪਾਰਾਂ ਲਈ ਗਾਈਡ



EPA VICTORIA
Environment Protection Authority Victoria

VICTORIA State Government

Translated publication: 1768

ਪਰਕਾਸ਼ਨ 1695.1* ਅਗਸਤ 2018

* ਇਹ ਮਈ 2018 ਵਿੱਚ ਪਰਕਾਸ਼ਿਤ 1695 ਦੀ ਥਾਂ ਲੈਂਦੀ ਹੈ

ਈ ਪੀ ਏ ਵਿਕਟੋਰੀਆ ਦੁਆਰਾ ਅਧਿਕਾਰਤ ਅਤੇ ਪਰਕਾਸ਼ਿਤ
ਲੈਵਲ 3, 200 ਵਿਕਟੋਰੀਆ ਸਟਰੀਟ, ਕਾਰਲਟਨ ਵਿਕਟੋਰੀਆ 3053
1300 372 842 (1300 EPA VIC)

ਇਸ ਪਰਕਾਸ਼ਨ ਨੂੰ PDF ਰੂਪ ਵਿੱਚ **epa.vic.gov.au** ਉਪਰ ਔਨਲਾਈਨ ਲੱਭਿਆ ਜਾ ਸਕਦਾ ਹੈ।

ਜੇਕਰ ਤੁਹਾਨੂੰ ਦੋਭਾਸ਼ੀਏ ਦੀ ਸਹਾਇਤਾ ਦੀ ਲੋੜ ਹੈ ਜਾਂ ਤੁਸੀਂ ਇਸ ਦਸਤਾਵੇਜ਼ ਦਾ ਅਨੁਵਾਦ ਚਾਹੁੰਦੇ ਹੋ, ਤਾਂ ਕਿਰਪਾ ਕਰਕੇ 131 540 ਨੂੰ ਫੋਨ ਕਰਕੇ ਆਪਣੀ ਤਰਜੀਹੀ ਭਾਸ਼ਾ ਬਾਰੇ ਦੱਸੋ।

## ਵਿਸ਼ਾ ਸੂਚੀ

**ਭੂਮਿਕਾ ... 4**

ਇਹ ਗਾਈਡ ਕਿਸ ਵਾਸਤੇ ਹੈ ... *4*

ਇਸ ਗਾਈਡ ਬਾਰੇ ... *4*

ਜੋਖਮ ਅਤੇ ਖਤਰਿਆਂ ਦੀ ਨਿਗਰਾਨੀ ਲਈ ਪੜ੍ਹਾਅ ... *6*

**ਪੜ੍ਹਾਅ ਪਹਿਲਾਜੋਖਮਾਂ ਦੀ ਪਛਾਣ : ... 7**

ਕਿਸ ਚੀਜ਼ ਲਈ ਵੇਖਣਾ ਹੈ ... *7*

ਜੋਖਮਾਂ ਨੂੰ ਪਛਾਨਣ ਦੇ ਰਸਤੇ ... *8*

*ਆਪਣੇ ਵਪਾਰ ਦੀਆਂ ਗਤੀਵਿਧੀਆਂ ਨੂੰ ਵੇਖਣਾ ... 8*

*ਆਪਣੇ ਕੰਮ ਦੀ ਜਗ੍ਹਾ ਦਾ ਨਿਰੀਖਣ ... 8*

*ਵਰਕਸ਼ਾਪਾਂ ਅਤੇ ਮੀਟਿੰਗਾਂ ... 8*

*ਉਪਲਬਧ ਜਾਣਕਾਰੀ ਨੂੰ ਵਰਤਣਾ ... 9*

**ਪੜ੍ਹਾਅ :2 ਖਤਰਿਆਂ ਦਾ ਮੁਲਾਂਕਣ ... 9**

*1.* ਹੋਣ ਦੀ ਸੰਭਾਵਨਾ ਦਾ ਹਿਸਾਬ ਲਗਾਓ ... *10*

*2.* ਨਤੀਜਿਆਂ ਦਾ ਹਿਸਾਬ ਲਗਾਉਣਾ ... *10*

*3.* ਖਤਰੇ ਦੇ ਦਰਜੇ ਦਾ ਹਿਸਾਬ ਲਗਾਉਣਾ ... *11*

**ਪੜ੍ਹਾਅ :3ਨਿਗਰਾਨੀਆਂ ਨੂੰ ਲਾਗੂ ਕਰਨਾ ... 14**

ਨਿਗਰਾਨੀਆਂ ਦੀ ਰੋਕਥਾਮ ਅਤੇ ਇਨ੍ਹਾਂ ਨੂੰ ਘੱਟ ਕਰਨਾ ... *15*

ਜੋਖਮ ਅਤੇ ਖਤਰਾ ਰਜਿਸਟਰ ... *15*

**ਪੜ੍ਹਾਅ :4ਨਿਗਰਾਨੀਆਂ ਦੀ ਜਾਂਚ ... 15**

*ਨਿਗਰਾਨੀਆਂ ਦੀ ਜਾਂਚ ... 15*

*ਪ੍ਰਭਾਵੀ ਨਿਗਰਾਨੀਆਂ ਦੀ ਸਾਂਭ ਸੰਭਾਲ ... 16*

**ਨਾਲ ਨੱਥੀ ਕੀਤਾਜੋਖਮ ਅਤੇ ਖਤਰਾ ਰਜਿਸਟਰ ਦੀ ਉਦਾਹਰਣ : ... 17**

## ਭੂਮਿਕਾ

ਸਾਰੀਆਂ ਵਪਾਰਕ ਗਤੀਵਿਧੀਆਂ ਵਿੱਚ ਖਤਰਾ ਹੁੰਦਾ ਹੈ। ਇਸ ਨੂੰ ਸਮਝਣਾ ਤੇ ਇਸਦਾ ਪ੍ਰਬੰਧ ਕਰਨਾ ਅਹਿਮ ਹੈ। ਪ੍ਰਬੰਧਕੀ ਤਰੀਕੇ ਨਾਲ ਖਤਰੇ ਦਾ ਮੁਲਾਂਕਣ ਅਤੇ ਨਿਗਰਾਨੀ ਤੁਹਾਡੇ ਵਪਾਰ ਨੂੰ ਹੇਠਾਂ ਲਿਖੇ ਕਰਨ ਵਿੱਚ ਸਹਾਇਤਾ ਕਰਦਾ ਹੈ:

- ਲੋਕਾਂ ਅਤੇ ਵਾਤਾਵਰਣ ਨੂੰ ਸੁਰੱਖਿਅਤ ਅਤੇ ਤੰਦਰੁਸਤ ਰੱਖਣਾ
- ਆਪਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਨਾ
- ਭਾਈਚਾਰੇ ਦੀਆਂ ਉਮੀਦਾਂ ਤੇ ਪੂਰਾ ਉਤਰਨਾ।

ਲੋਕਾਂ ਅਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਦੇ ਨਤੀਜੇ ਬਹੁਤ ਸਾਰੀਆਂ ਚੀਜ਼ਾਂ ਉਪਰ ਅਸਰ ਪਾ ਸਕਦੇ ਹਨ। ਇਸ ਨੂੰ ਪਹਿਲੀ ਵਾਰ ਤੋਂ ਹੀ ਹੋਣ ਤੋਂ ਰੋਕਣਾ ਤੁਹਾਡੇ ਵਪਾਰ ਨੂੰ ਕਈਆਂ ਖਰਚਿਆਂ, ਜਿਵੇਂ ਕਾਨੂੰਨੀ ਕਾਰਵਾਈ ਅਤੇ ਸਾਫ਼-ਸਫਾਈ ਕਰਨ ਦੇ ਨੋਟਿਸਾਂ, ਤੋਂ ਬਚਾਅ ਸਕਦਾ ਹੈ।

### ਇਹ ਗਾਈਡ ਕਿਸ ਵਾਸਤੇ ਹੈ

ਇਹ ਗਾਈਡ ਤੁਹਾਨੂੰ ਖਤਰੇ ਦਾ ਪ੍ਰਬੰਧਕ ਢਾਂਚਾ ਦਿੰਦੀ ਹੈ ਜਿਸ ਨੂੰ ਤੁਸੀਂ ਲੋਕਾਂ ਅਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕਣ ਵਿੱਚ ਸਹਾਇਤਾ ਲਈ ਵਰਤ ਸਕਦੇ ਹੋ। ਇਸ ਗਾਈਡ ਵਿੱਚਲੇ ਵਿਚਾਰਾਂ ਨੂੰ ਕਿਸੇ ਵੀ ਅਕਾਰ ਦੇ ਵਪਾਰ ਅਤੇ ਵੱਖ ਵੱਖ ਦਰਜਿਆਂ ਦੇ ਖਤਰਿਆਂ ਲਈ ਲਾਗੂ ਕਰ ਸਕਦੇ ਹੋ। ਫਿਰ ਵੀ ਵੱਡੇ ਵਪਾਰਾਂ ਜਾਂ ਉਹ ਜੋ ਵਾਤਾਵਰਣ ਅਤੇ ਜਨਤਾ ਦੀ ਸਿਹਤ ਵਾਸਤੇ ਵੱਡੇ ਦਰਜੇ ਦਾ ਖਤਰਾ ਹਨ, ਉਨ੍ਹਾਂ ਨੂੰ ਵਧੇਰੇ ਗੁੰਝਲਦਾਰ ਤਰੀਕੇ ਲਾਗੂ ਕਰਨ ਦੀ ਲੋੜ ਪੈ ਸਕਦੀ ਹੈ।

ਇਸ ਗਾਈਡ ਵਿੱਚ ਸੁਝਾਇਆ ਗਿਆ ਤਰੀਕਾ ਉਹੀ ਹੈ ਜੋ ਕਿ ਕਈ ਕੰਮ ਵਾਲੀਆਂ ਜਗ੍ਹਾਵਾਂ ਕਿੱਤਾ ਸਿਹਤ ਤੇ ਸੁਰੱਖਿਆ (ਓ ਐਚ ਐਸ) ਖਤਰਿਆਂ ਦਾ ਪ੍ਰਬੰਧ ਕਰਨ ਲਈ ਵਰਤਦੀਆਂ ਹਨ। ਇਹ ਗਾਈਡ ਸਿਰਫ ਪਰਦੂਸ਼ਨ ਅਤੇ ਕੂੜੇ ਦੇ ਖਤਰਿਆਂ ਦਾ ਹੀ ਧਿਆਨ ਕਰਦੀ ਹੈ ਅਤੇ ਤੁਹਾਡੀਆਂ ਓ ਐਚ ਐਸ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਲਈ ਨਹੀਂ ਵਰਤੀ ਜਾਣੀ ਚਾਹੀਦੀ ਹੈ। ਆਪਣੀਆਂ ਓ ਐਚ ਐਸ ਜ਼ਿੰਮੇਵਾਰੀਆਂ ਦੇ ਪ੍ਰਬੰਧ ਬਾਰੇ ਜਾਣਕਾਰੀ ਲਈ ਕਿਰਪਾ WorkSafe Victoria ਨਾਲ ਸੰਪਰਕ ਕਰੋ।

### ਇਸ ਗਾਈਡ ਬਾਰੇ

ਇਸ ਦਸਤਾਵੇਜ਼ ਵਿੱਚਲੀ ਜਾਣਕਾਰੀ ਨੂੰ ਤੁਸੀਂ ਸਿਰਫ ਇਕ ਸਾਧਾਰਣ ਗਾਈਡ ਵਜੋਂ ਵਰਤੋ। ਇਹ ਕਾਨੂੰਨੀ ਜਾਂ ਪੇਸ਼ੇਵਰ ਸਲਾਹ ਨਹੀਂ ਹੈ ਅਤੇ ਤੁਸੀਂ ਇਸ ਨੂੰ ਕਾਨੂੰਨੀ ਬਿਆਨ ਵਜੋਂ ਨਾ ਵਰਤੋ। ਇਸ ਦਾ ਮੰਤਵ ਸਿਰਫ ਸਾਧਾਰਣ ਗਾਈਡ ਵਜੋਂ ਹੈ ਇਸ ਲਈ ਇਸ ਵਿੱਚ ਵਿਆਪਕਤਾ ਸ਼ਾਮਲ ਹੋ ਸਕਦੀ ਹੈ। ਆਪਣੇ ਖਾਸ ਹਾਲਾਤਾਂ ਲਈ ਤੁਸੀਂ ਪੇਸ਼ੇਵਰ ਸਲਾਹ ਲਵੋ।

ਅਸੀਂ ਪੂਰੀ ਕੋਸ਼ਿਸ਼ ਕੀਤੀ ਹੈ ਕਿ ਜਾਣਕਾਰੀ ਚਲੰਤ ਅਤੇ ਸਹੀ ਹੋਵੇ ,ਪਰ ਅਸੀਂ ਇਹ ਗਰੰਟੀ ਨਹੀਂ ਦੇ ਸਕਦੇ ਹਾਂ ਕਿ ਜਾਣਕਾਰੀ ਸਹੀ ,ਚਲੰਤ ਜਾਂ ਪੂਰੀ ਹੈ।

*ਖਤਰਾ ਕੀ ਹੈ?*

ਇਸ ਗਾਈਡ ਦਾ ਮਤਲਬ ਨਿਕਲੇ, ਇਸ ਲਈ ਤੁਹਾਨੂੰ ਕੁਝ ਖਾਸ ਸ਼ਬਦਾਵਲੀ ਨੂੰ ਸਮਝਣ ਦੀ ਲੋੜ ਹੈ।

***ਖਤਰਾ** ਉਹ ਡਰਾਵਾ ਹੈ ਜੋ **ਜੋਖਮ** ਦੇ ਰੂਪ ਵਿੱਚ ਕਿਸੇ **ਪ੍ਰਾਪਤਕਰਤਾ** ਨੂੰ ਪੇਸ਼ ਆਉਂਦਾ ਹੈ।*

- **ਜੋਖਮ** ਉਹ ਚੀਜ਼ ਹੈ ਜੋ ਨੁਕਸਾਨ ਦਾ ਕਾਰਣ ਬਣ ਸਕਦਾ ਹੈ (ਜਿਵੇਂ ਧੂੰਆਂ ਜਾਂ ਬਰਸਾਤੀ ਪਾਣੀ ਵਿੱਚ ਕਿਸੇ ਚੀਜ਼ ਦਾ ਡੁੱਲਣਾ)।
- **ਪ੍ਰਾਪਤਕਰਤਾ** ਉਹ ਕੀਮਤੀ ਚੀਜ਼ ਹੈ ਜਿਸ ਦਾ ਨੁਕਸਾਨ ਹੋ ਸਕਦਾ ਹੈ (ਜਿਵੇਂ ਕਿ ਵਾਤਾਵਰਣ ਜਾਂ ਲੋਕਾਂ ਦੀ ਸਿਹਤ)।
- **ਮਾਧਿਅਮ** ਉਹ ਰਸਤਾ ਹੈ ਜਿਸ ਰਾਹੀਂ ਜੋਖਮ ਗਾਹਕ ਤੱਕ ਪਹੁੰਚ ਸਕਦਾ ਹੈ (ਜਿਵੇਂ ਕਿ ਹਵਾ, ਪਾਣੀ ਜਾਂ ਮਿੱਟੀ)।

ਦੋ ਕਾਰਕ ਰਲ ਕੇ **ਖਤਰਾ** ਬਣਦੇ ਹਨ: **ਹੋਣ ਦੀ ਸੰਭਾਵਨਾ** ਅਤੇ **ਨਤੀਜਾ**।

- **ਹੋਣ ਦੀ ਸੰਭਾਵਨਾ** ਭਵਿੱਖ ਵਿੱਚ ਹੋਣ ਵਾਲੀ ਚੀਜ਼ ਜਾਂ ਮੌਕਾ ਹੈ ਕਿ ਜੋਖਮ ਨੁਕਸਾਨ ਪਹੁੰਚਾਏਗਾ।
- **ਨਤੀਜਾ** ਜੋਖਮ ਕਰਕੇ ਹੋਣ ਵਾਲੇ ਨੁਕਸਾਨ ਜਾਂ ਅਸਰ ਦਾ ਦਰਜਾ ਹੁੰਦਾ ਹੈ।

ਖਤਰੇ ਦਾ ਪ੍ਰਬੰਧ ਕਰਨ ਲਈ ਤੁਸੀਂ **ਨਿਗਰਾਨੀਆਂ** ਤੈਅ ਕਰ ਸਕਦੇ ਹੋ। ਨਿਗਰਾਨੀਆਂ ਵਿੱਚ ਸ਼ਾਮਲ ਹੋ ਸਕਦੇ ਹਨ:

- ਜੋਖਮ ***ਖਤਮ ਕਰਨਾ*** ਜਾਂ ਇਸਨੂੰ ਦੂਰ ਕਰਨਾ
- ਜੋਖਮ ਨੂੰ ਕਿਸੇ ਹੋਰ ਘੱਟ ਖਤਰੇ ਵਾਲੇ ਦੇ ਨਾਲ ***ਬਦਲ ਦੇਣਾ***
- ***ਇੰਜੀਨੀਅਰਿੰਗ ਨਿਗਰਾਨੀਆਂ*** ਜੋ ਪਰਦੂਸ਼ਨ ਨੂੰ ਹੋਣ ਅਤੇ ਫੈਲਣ ਤੋਂ ਰੋਕਦੀਆਂ ਹਨ – ਜਿਵੇਂ ਕਿ ਆਪਣੇ ਆਪ ਬੰਦ ਹੋਣ ਵਾਲੀ ਮਸ਼ੀਨਰੀ ਜਾਂ ਬੰਨ੍ਹ (ਬੰਨ੍ਹ ਭੰਡਾਰ ਦੇ ਆਲੇ ਦੁਆਲੇ ਬਣਾਈ ਗਈ ਰੋਕਣ ਵਾਲੀ ਕੰਧ ਜੋ ਕਿਸੇ ਰਿਸਣ ਨੂੰ ਰੋਕਦੀ ਹੈ)
- ***ਪ੍ਰਬੰਧਕੀ ਨਿਗਰਾਨੀਆਂ*** ਜਿਵੇਂ ਕਿ ਕੰਮ ਦੀਆਂ ਕਾਰਵਾਈਆਂ ਜਾਂ ਨਿਗਰਾਨੀ ਪ੍ਰਣਾਲੀਆਂ।

## ਜੋਖਮ ਅਤੇ ਖਤਰਿਆਂ ਦੀ ਨਿਗਰਾਨੀ ਲਈ ਪੜ੍ਹਾਅ

ਖਤਰੇ ਦਾ ਮੁਲਾਂਕਣ ਅਤੇ ਨਿਗਰਾਨੀ ਦੇ ਤਰੀਕੇ ਦੇ ਚਾਰ ਪੜ੍ਹਾਅ ਹਨ (ਵੇਖੋ ਟੇਬਲ 1)। ਇਹ ਤਰੀਕਾ ਇਕ ਲਗਾਤਾਰ ਕਾਰਵਾਈ ਹੈ ਜੋ ਪੜ੍ਹਾਅ 1 ਉਪਰ ਵਾਪਿਸ ਚਲੇ ਜਾਂਦੀ ਹੈ ਜਦੋਂ ਤੁਸੀਂ ਨਿਗਰਾਨੀ ਨੂੰ ਤੈਅ ਕਰਦੇ ਹੋ।

*ਚਿੱਤਰ 1: ਜੋਖਮਾਂ ਅਤੇ ਖਤਰਿਆਂ ਦੀ ਨਿਗਰਾਨੀ ਲਈ ਪੜ੍ਹਾਅ*




| *ਪੜ੍ਹਾਅ* | *ਕਾਰਵਾਈ* | *ਵੇਰਵਾ* |
|---|---|---|
| 1 | ਜੋਖਮਾਂ ਦੀ ਪਛਾਣ | ਕਿਹੜੇ ਜੋਖਮ ਮੌਜੂਦ ਹਨ ਜੋ ਨੁਕਸਾਨ ਪਹੁੰਚਾ ਸਕਦੇ ਹਨ? |
| 2 | ਖਤਰਿਆਂ ਦਾ ਮੁਲਾਂਕਣ | ਹੋਣ ਦੀ ਸੰਭਾਵਨਾ ਅਤੇ ਨਤੀਜੇ ਉਪਰ ਆਧਾਰਿਤ ਖਤਰੇ ਦਾ ਦਰਜਾ ਕੀ ਹੈ? |
| 3 | ਨਿਗਰਾਨੀਆਂ ਲਾਗੂ ਕਰਨਾ | ਖਤਰੇ ਨੂੰ ਖਤਮ ਕਰਨ ਜਾਂ ਘਟਾਉਣ ਬਾਰੇ ਵਪਾਰ ਕੀ ਕਰ ਸਕਦਾ ਹੈ? |
| 4 | ਨਿਗਰਾਨੀਆਂ ਦੀ ਜਾਂਚ ਕਰਨਾ | ਵਪਾਰ ਵੱਲੋਂ ਵਰਤੀਆਂ ਜਾਂਦੀਆਂ ਨਿਗਰਾਨੀਆਂ ਦੀ ਸਮੀਖਿਆ ਕਰਨਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਕੰਮ ਕਰ ਰਹੀਆਂ ਹਨ |

*ਟੇਬਲ 1: ਜੋਖਮ ਅਤੇ ਖਤਰਿਆਂ ਦੀ ਨਿਗਰਾਨੀ ਲਈ ਪੜ੍ਹਾਅ*

## ਪੜ੍ਹਾਅ ਪਹਿਲਾ: ਜੋਖਮਾਂ ਦੀ ਪਛਾਣ




### ਕਿਸ ਚੀਜ਼ ਲਈ ਵੇਖਣਾ ਹੈ

ਵਪਾਰਕ ਅਤੇ ਉਦਯੋਗਿਕ ਗਤੀਵਿਧੀਆਂ ਦੇ ਜੋਖਮਾਂ ਵਿੱਚ ਕੁਝ ਵੀ ਸ਼ਾਮਲ ਹੋ ਸਕਦਾ ਹੈ ਜੋ ਲੋਕਾਂ ਜਾਂ ਵਾਤਾਵਰਣ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਹੇਠਾਂ ਦਿੱਤਾ ਟੇਬਲ ਕੁਝ ਆਮ ਜੋਖਮਾਂ ਦੀ ਸੂਚੀ ਹੈ।

*ਟੇਬਲ 2: ਕੰਮ ਦੀ ਜਗ੍ਹਾ ਦੇ ਵਾਤਾਵਰਣ ਅਤੇ ਇਨਸਾਨੀ ਸਿਹਤ ਦੇ ਆਮ ਜੋਖਮ*

| ਜੋਖਮ | ਵਿਆਖਿਆ | ਆਮ ਸਰੋਤ ਜਾਂ ਕਾਰਣ: |
|---|---|---|
| ਰਸਾਇਣਕ ਪਦਾਰਥਾਂ ਦਾ ਡੁੱਲਣ੍ਹਾ | ਰਸਾਇਣਕ ਪਦਾਰਥ ਮਿੱਟੀ, ਜ਼ਮੀਨ ਦੇ ਪਾਣੀ ਅਤੇ ਨੇੜੇ ਦੇ ਵਗਦੇ ਪਾਣੀਆਂ ਨੂੰ ਗੰਦਾ ਅਤੇ ਲੋਕਾਂ ਦੀ ਸਿਹਤ ਉਪਰ ਅਸਰ ਪਾ ਸਕਦੇ ਹਨ। | - ਰਿਸਦੇ ਡੱਬੇ<br>- ਡੁੱਲ੍ਹਣ ਨੂੰ ਰੋਕੀ ਰੱਖਣ ਲਈ ਕਾਫੀ ਬੰਨ੍ਹ ਨਹੀਂ<br>- ਮਾੜੇ ਗੁਦਾਮ ਤੇ ਪ੍ਰਬੰਧਨ |
| ਬਰਸਾਤੀ ਪਾਣੀ ਨੂੰ ਗੰਦਾ ਕਰਨਾ | ਬਰਸਾਤੀ ਪਾਣੀ ਵਾਲੀਆਂ ਨਾਲੀਆਂ ਪਾਣੀ ਸਾਫ਼ ਕਰਨ ਵਾਲੇ ਪਲਾਂਟ ਵਿੱਚ ਨਹੀਂ ਸਗੋਂ ਨੇੜੇ ਦੇ ਨਾਲਿਆਂ, ਨਦੀਆਂ, ਦਲਦਲਾਂ ਅਤੇ ਖਾੜੀ ਵਿੱਚ ਜਾਂਦੀਆਂ ਹਨ। ਜੋ ਕੁਝ ਵੀ ਬਰਸਾਤੀ ਪਾਣੀ ਵਿੱਚ ਜਾਂਦਾ ਹੈ ਉਹ ਵਾਤਾਵਰਣ ਵਿੱਚ ਜਾਂਦਾ ਹੈ ਅਤੇ ਇਸ ਦਾ ਵੱਡਾ ਅਸਰ ਹੋ ਸਕਦਾ ਹੈ। | - ਮਿੱਟੀ ਤੇ ਖੋਰ<br>- ਸਾਫ਼ –ਸਫਾਈ ਲਈ ਵਰਤੇ ਜਾਣ ਵਾਲੇ ਡਿਟਰਜੇਂਟ ਤੇ ਰਸਾਇਣਕ ਪਦਾਰਥ<br>- ਕੂੜਾ<br>- ਤੇਲ ਤੇ ਗਰੀਸ<br>- ਸਿਗਰਟਾਂ ਦੇ ਟੁੱਕੜੇ<br>- ਰਸਾਇਣਕ ਪਦਾਰਥਾਂ ਨੂੰ ਬਾਹਰ ਵਰਤਣਾ |
| ਅੱਗ ਜਾਂ ਧਮਾਕਾ | ਜਾਨਾਂ ਅਤੇ ਜਾਇਦਾਦ ਨੂੰ ਹੋਣ ਵਾਲੇ ਸੰਕਟ ਦੇ ਨਾਲ ਨਾਲ ਅੱਗਾਂ ਅਤੇ ਧਮਾਕੇ ਸੰਕਟਾਂ ਦਾ ਕਾਰਣ ਬਣ ਸਕਦੇ ਹਨ ਜਿਵੇਂ ਕਿ ਰੁੜ੍ਹ ਕੇ ਜਾਣਾ, ਜ਼ਹਿਰੀਲਾ ਧੂੰਆਂ ਅਤੇ ਧੂੜ ਦਾ ਫੈਲਾਅ। | - ਸਿਗਰਟਨੋਸ਼ੀ<br>- ਚਿੰਗਆੜੇ<br>- ਗਰਮ ਸਤਿਹਾਂ<br>- ਮਾੜੇ ਗੁਦਾਮ<br>- ਬਿਜਲੀ ਦੇ ਜੋਖਮ<br>- ਧੂੜ<br>- ਜਾਣ ਕੇ ਸਾੜ-ਫੂਕ |
| ਧੂੜ | ਧੂੜ ਗੰਭੀਰ ਸਿਹਤ ਮੁਸ਼ਕਿਲਾਂ ਦਾ ਕਾਰਣ ਬਣ ਸਕਦੀ ਹੈ, ਖਾਸ ਤੌਰ ਤੇ ਲੋਕਾਂ ਦੇ ਸਾਹ ਲੈਣ, ਦਿਲ ਤੇ ਦੌਰੇ ਨੂੰ। ਇਹ ਅੱਖਾਂ, ਗਲੇ ਤੇ ਚਮੜੀ ਉਪਰ ਜਲਣ ਵੀ ਪੈਦਾ ਕਰ ਸਕਦੀ ਹੈ। | - ਲੱਕੜ ਦਾ ਕੰਮ<br>- ਲੈਂਡਸਕੈਪਿੰਗ<br>- ਸੀਮਿੰਟ ਦੇ ਕੰਮ<br>- ਮਿੱਟੀ ਦੇ ਅਣਢੱਕੇ ਢੇਰ<br>- ਰਗੜਾਈ<br>- ਵੈਲਡਿੰਗ<br>- ਪਦਾਰਥਾਂ ਨੂੰ ਕੱਟਣਾ ਜਾਂ ਟੁਕੜੇ ਕਰਨਾ<br>- ਕੱਚੀਆਂ ਸੜਕਾਂ |
| ਗੰਧ ਜਾਂ ਮਹਿਕ | ਮਹਿਕ ਦਾ ਪਰਦੂਸ਼ਣ ਲੋਕਾਂ ਦੀ ਸਿਹਤ ਉਪਰ ਜੀਅ ਕੱਚਾ ਕਰਕੇ ਅਤੇ ਸਿਰ ਦਰਦ ਰਾਹੀਂ ਅਸਰ ਕਰ ਸਕਦਾ ਹੈ। ਕੁਝ ਮਹਿਕਾਂ ਇਹ ਵੀ ਦਰਸਾ ਸਕਦੀਆਂ ਹਨ ਕਿ ਇੱਥੇ ਜ਼ਹਿਰੀਲੀਆਂ ਗੈਸਾਂ ਹਨ ਜੋ ਕਿ ਹੋਰ ਗੰਭੀਰ ਸਿਹਤ ਮੁੱਦਿਆਂ ਦਾ ਕਾਰਣ ਬਣ ਸਕਦੀਆਂ ਹਨ। | - ਕੂੜਾ<br>- ਰਸਾਇਣਕ ਪਦਾਰਥਾਂ ਦੀ ਵਰਤੋਂ<br>- ਗੰਦੀਆਂ ਨਾਲੀਆਂ<br>- ਪਸ਼ੂ<br>- ਕੁਦਰਤੀ ਖਾਦ<br>- ਹਵਾ ਬਾਹਰ ਕੱਢਣ ਵਾਲਾ ਤੇ ਰੋਸ਼ਨਦਾਨ<br>- ਭੋਜਨ ਬਨਾਉਣਾ |
| ਹਵਾ ਦਾ ਪਰਦੂਸ਼ਨ | ਜ਼ਹਿਰੀਲੇ ਤੇ ਖਤਰਨਾਕ ਪਦਾਰਥ ਜੋ ਕੁਝ ਤਿਆਰ ਕਰਨ ਜਾਂ ਬਨਾਉਣ ਕਰਕੇ ਹਵਾ ਵਿੱਚ ਰਲਦੇ ਹਨ, ਵੱਡਾ ਪਰਦੂਸ਼ਨ ਪੈਦਾ ਕਰਦੇ ਹਨ। | - ਭੱਠੀਆਂ<br>- ਬੋਇਲਰਜ਼<br>- ਨਿਕਾਸੀ ਛੇਕ<br>- ਵੱਡੀਆਂ ਟੈਂਕੀਆਂ<br>- ਉਪਕਰਣ ਵਿੱਚੋਂ ਰਿਸਾਅ<br>- ਅਣਢੱਕੇ ਘੁਲਣ ਵਾਲੇ ਪਦਾਰਥ |
| ਗੰਦਾ ਪਾਣੀ | ਕਾਰੀਗਰੀ ਦੇ ਕੰਮ ਨਾਲ ਸੰਬੰਧਤ ਕੂੜਾ ਅਤੇ ਵਪਾਰਾਂ ਵਿੱਚੋਂ ਨਿਕਲੇ ਗੰਦੇ ਪਾਣੀ ਵਿੱਚ ਨੁਕਸਾਨਦਾਇਕ ਪਰਦੂਸ਼ਨ ਹੋ ਸਕਦਾ ਹੈ। | - ਬਨਾਉਣ ਦੀ ਕਾਰਵਾਈ<br>- ਉਤਪਾਦਨ<br>- ਨਿਰਮਾਣ |

| | | |
|---|---|---|
| ਰੌਲਾ | ਉੱਚੀ ਰੌਲਾ ਭਾਈਚਾਰੇ ਨੂੰ ਪਰੇਸ਼ਾਨ ਕਰ ਸਕਦਾ ਹੈ ਤੇ ਖ਼ੂਨ ਦੇ ਉਚ ਦਬਾਅ, ਦਿਲ ਦੇ ਰੋਗ, ਖਿਝ, ਤਣਾਅ ਅਤੇ ਨੀਂਦ ਉਚਾਟ ਹੋਣ ਦਾ ਕਾਰਣ ਬਣਦਾ ਹੈ। | - ਮਸ਼ੀਨਾਂ<br>- ਪਸ਼ੂ<br>- ਥਿੜਕਣਾ<br>- ਗੱਡੀਆਂ ਤੇ ਬੀਪਰ |
| ਖਤਰਨਾਕ ਕੂੜਾ | ਕੂੜੇ ਦਾ ਮਾੜਾ ਪ੍ਰਬੰਧ ਲੋਕਾਂ ਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾ ਸਕਦਾ ਹੈ। | - ਸੰਕਟਮਈ ਉਦਯੋਗੀ ਕੂੜਾ ਜਿਸ ਨੂੰ ਠੀਕ ਤਰੀਕੇ ਨਾਲ ਪ੍ਰਬੰਧ, ਲਿਜਾਇਆ ਜਾਂ ਸੁੱਟਿਆ ਨਹੀਂ ਜਾਂਦਾ<br>- ਐਸਬੈਸਟਸ ਵਾਲੀ ਧੂੜ ਤੇ ਮਿੱਟੀ |
| ਰੋਗਾਣੂ | ਰੋਗਾਣੂਆਂ ਵਿੱਚ ਜੀਵਾਣੂ, ਵਾਇਰਸ ਜਾਂ ਹੋਰ ਬਰੀਕ ਕੀਟਾਣੂ ਹੋ ਸਕਦੇ ਹਨ ਜੋ ਬਿਮਾਰੀ ਦਾ ਕਾਰਣ ਬਣ ਸਕਦੇ ਹਨ। | - ਹੱਥ ਧੋਣ ਵਾਲੇ ਲੋੜ ਤੋਂ ਘੱਟ ਅੱਡੇ<br>- ਕੂੜੇ ਦਾ ਪ੍ਰਬੰਧ ਸਾਫ਼ ਤਰੀਕੇ ਨਾਲ ਨਹੀਂ<br>- ਸੈਪਟਿਕ ਟੈਂਕ ਤੋਂ ਪਾਣੀ ਬਾਹਰ ਆਉਣਾ<br>- ਗੰਦਾ ਪਾਣੀ<br>- ਦੂਸ਼ਿਤ ਭੋਜਨ<br>- ਜੈਵਿਕ ਕੂੜਾ<br>- ਪਸ਼ੂਆਂ ਦਾ ਕੂੜਾ ਤੇ ਮੁਰਦਾਰ |

## ਜੋਖਮਾਂ ਨੂੰ ਪਛਾਨਣ ਦੇ ਰਸਤੇ

ਪਰਦੂਸ਼ਨ ਜਾਂ ਕੂੜੇ ਕਰਕੇ ਲੋਕਾਂ ਦੀ ਸਿਹਤ ਤੇ ਵਾਤਾਵਰਣ ਉਪਰ ਹੋਣ ਵਾਲੇ ਜੋਖਮਾਂ ਦਾ ਪਤਾ ਲਗਾਉਣ ਦੇ ਕਈ ਤਰੀਕੇ ਹਨ। ਇਕ ਵਾਰ ਤੁਸੀਂ ਸਾਰੇ ਜੋਖਮਾਂ ਦਾ ਪਤਾ ਲਗਾ ਲਿਆ ਤਾਂ ਤੁਹਾਨੂੰ ਉਹਨਾਂ ਨੂੰ ਰਿਕਾਰਡ ਕਰ ਲੈਣਾ ਤੇ ਲਿਖ ਲੈਣਾ ਚਾਹੀਦਾ ਹੈ। ਤੁਸੀਂ ਇਸ ਗਾਈਡ ਦੇ ਅਖੀਰ ਤੇ ਦਿੱਤੇ *ਜੋਖਮ ਤੇ ਖਤਰੇ ਦੇ ਰਜਿਸਟਰ* ਨੂੰ ਵਰਤ ਸਕਦੇ ਹੋ।

### *ਆਪਣੇ ਵਪਾਰ ਦੀਆਂ ਗਤੀਵਿਧੀਆਂ ਨੂੰ ਵੇਖਣਾ*

ਆਪਣੇ ਵਪਾਰ ਦੀਆਂ ਗਤੀਵਿਧੀਆਂ ਨੂੰ ਵੇਖਣਾ ਮਹੱਤਵਪੂਰਣ ਹੈ ਕਿ ਉਹ ਇਹ ਕਿਵੇਂ ਕਰਦੇ ਹਨ ਅਤੇ ਇਹ ਲੋਕਾਂ ਦੀ ਸਿਹਤ ਤੇ ਵਾਤਾਵਰਣ ਨੂੰ ਜੋਖਮ ਵਿੱਚ ਕਿਵੇਂ ਪਾ ਸਕਦੀਆਂ ਹਨ। ਉਦਾਹਰਣ ਵਜੋਂ ਵੱਖ ਵੱਖ ਪਦਾਰਥਾਂ ਦਾ ਭੰਡਾਰ ਤੇ ਪ੍ਰਬੰਧ, ਸਫਾਈ ਕਰਨ ਵਾਲੇ ਪਦਾਰਥ ਵਰਤਣਾ, ਲੈਂਡਸਕੈਪਿੰਗ ਅਤੇ ਰਗੜਾਈ ਕੁਝ ਆਮ ਗਤੀਵਿਧੀਆਂ ਹਨ ਜੋ ਜੋਖਮ ਪੈਦਾ ਕਰ ਸਕਦੀਆਂ ਹਨ।

### *ਆਪਣੇ ਕੰਮ ਦੀ ਜਗ੍ਹਾ ਦਾ ਨਿਰੀਖਣ*

ਆਪਣੀ ਕੰਮ ਦੀ ਜਗ੍ਹਾ ਵਿੱਚ ਗੇੜਾ ਮਾਰਨਾ ਕਈ ਜੋਖਮਾਂ ਨੂੰ ਪਛਾਨਣ ਦਾ ਸਿੱਧਾ ਤਰੀਕਾ ਹੈ।

ਫਿਰ ਵੀ ਤੁਸੀਂ ਸਿਰਫ ਭੌਤਿਕ ਚੀਜ਼ਾਂ ਜਿਵੇਂ ਪਲਾਂਟ, ਉਪਕਰਣ ਜਾਂ ਇਮਾਰਤ ਤੇ ਢਾਂਚਿਆਂ ਦਾ ਹੀ ਨਿਰੀਖਣ ਨਾ ਕਰੋ, ਤੁਸੀਂ ਆਪਣੇ ਕੰਮ ਦੀਆਂ ਪ੍ਰਣਾਲੀਆਂ ਅਤੇ ਕਾਰਵਾਈਆਂ ਉਪਰ ਵੀ ਨਜ਼ਰ ਮਾਰੋ। ਆਪਣੇ ਕੰਮ ਦਾ ਨਿਰੀਖਣ ਕਰਨ ਸਮੇਂ ਕਿਸੇ ਅਜਿਹੇ ਵਿਅਕਤੀ ਨੂੰ ਨਾਲ ਲੈ ਲੈਣਾ, ਜੋ ਤੁਹਾਡੇ ਕੰਮ ਤੋਂ ਜਾਣੂ ਨਹੀਂ ਹੈ, ਲਾਭਦਾਇਕ ਹੋ ਸਕਦਾ ਹੈ। ਰੋਜ਼ਾਨਾ ਗਤੀਵਿਧੀਆਂ ਕਰਨ ਵਾਲੇ ਲੋਕ ਆਸਾਨੀ ਨਾਲ ਆਮ ਜੋਖਮਾਂ ਨੂੰ ਬੇਧਿਆਨਾ ਕਰ ਸਕਦੇ ਹਨ।

**ਮਾਧਿਅਮਾਂ** ਅਤੇ **ਪ੍ਰਾਪਤਕਰਤਾਵਾਂ** ਬਾਰੇ ਸੋਚੋ (ਸਫਾ 1 ਉਪਰ 'ਖਤਰਾ ਕੀ ਹੈ' ਵਿੱਚ ਪਰਿਭਾਸ਼ਾ ਵੇਖੋ)। ਸੋਚੋ ਕਿ ਕੀ ਕੋਈ ਪ੍ਰਾਪਤਕਰਤਾ ਨੇੜੇ ਹਨ ਜਿੰਨ੍ਹਾਂ ਦਾ ਨੁਕਸਾਨ ਹੋ ਸਕਦਾ ਹੈ, ਜਿਵੇਂ ਕਿ ਘਰ, ਵਗਦੇ ਪਾਣੀ ਜਾਂ ਬਗੀਚੇ। ਉਸ ਮਾਧਿਅਮ ਬਾਰੇ ਵੀ ਸੋਚੋ ਜਿਸ ਨੂੰ ਪਰਦੂਸ਼ਨ ਵਰਤ ਕੇ ਉਹਨਾਂ ਤੱਕ ਪਹੁੰਚ ਸਕਦਾ ਹੈ ਜਿਵੇਂ ਕਿ ਵਗਦਾ ਪਾਣੀ, ਹਨੇਰੀ ਅਤੇ ਜਗ੍ਹਾ ਦੇ ਪਾਣੀ ਦਾ ਨਿਕਾਸ।

### *ਵਰਕਸ਼ਾਪਾਂ ਅਤੇ ਮੀਟਿੰਗਾਂ*

ਕਰਮਚਾਰੀਆਂ ਅਤੇ ਹਿੱਸੇਦਾਰਾਂ ਨਾਲ ਮੀਟਿੰਗ ਦਾ ਪ੍ਰਬੰਧ ਕਰਨਾ ਜੋਖਮ ਪਛਾਨਣ ਦਾ ਵਧੀਆ ਤਰੀਕਾ ਹੈ। ਇਸ ਮੀਟਿੰਗ ਦੇ ਦੌਰਾਨ ਲੋਕ ਉਹਨਾਂ ਚੀਜ਼ਾਂ ਬਾਰੇ ਗੱਲ ਕਰ ਸਕਦੇ ਹਨ ਜੋ ਜੋਖਮਾਂ ਦਾ ਕਾਰਣ ਬਣ ਸਕਦੀਆਂ ਹਨ ਜਿਵੇਂ ਕੰਮ ਦੀਆਂ ਕਾਰਵਾਈਆਂ ਅਤੇ ਜਗ੍ਹਾ ਉਪਰ ਭੰਡਾਰ ਕੀਤਾ ਸਮਾਨ।

ਇਹ ਮੀਟਿੰਗ ਤੁਹਾਡੇ ਕੰਮ ਦੇ ਸਭਿਆਚਾਰ ਦੇ ਖਤਰੇ ਦੇ ਵਿਚਾਰ ਦਾ ਹਿੱਸਾ ਬਣ ਸਕਦੀ ਹੈ। ਇਹ ਤੁਹਾਨੂੰ ਆਪਣੇ ਕੰਮ ਤੋਂ ਬਾਹਰਲੇ ਲੋਕਾਂ, ਜਿਵੇਂ ਅੱਗ ਦੀਆਂ ਅਥਾਰਟੀਆਂ ਜਾਂ ਸਥਾਨਿਕ ਕੌਂਸਿਲ, ਨੂੰ ਵੀ ਸ਼ਾਮਲ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ।

### *ਉਪਲਬਧ ਜਾਣਕਾਰੀ ਨੂੰ ਵਰਤਣਾ*

ਜਾਣਕਾਰੀ ਜੋ ਜੋਖਮਾਂ ਨੂੰ ਪਛਾਨਣ ਵਿੱਚ ਸਹਾਇਤਾ ਕਰ ਸਕਦੀ ਹੈ ਕਈ ਸਾਰੀਆਂ ਜਗ੍ਹਾਵਾਂ ਤੋਂ ਆ ਸਕਦੀ ਹੈ, ਇਸ ਵਿੱਚ ਸ਼ਾਮਲ ਹੈ:

- ਉਦਯੋਗੀ ਐਸੋਸ਼ੀਏਸ਼ਨਾਂ ਜੋ ਕਿ ਤੁਹਾਡੇ ਉਦਯੋਗ ਦੇ ਨਵੇਂ ਜੋਖਮਾਂ ਬਾਰੇ ਤੁਹਾਨੂੰ ਜਾਣਕਾਰੀ ਦੇ ਸਕਦੀਆਂ ਹਨ
- ਨਿਰਮਾਣ ਕਰਨ ਵਾਲੇ ਅਤੇ ਚੀਜ਼ਾਂ ਭੇਜਣ ਵਾਲੇ ਪਲਾਂਟ, ਪਦਾਰਥਾਂ ਜਾਂ ਕਿਰਿਆਵਾਂ ਬਾਰੇ ਤੁਹਾਨੂੰ ਜਾਣਕਾਰੀ ਦੇ ਸਕਦੇ ਹਨ
- ਸੇਫਟੀ ਡੈਟਾ ਸ਼ੀਟਾਂ (ਐਸ ਡੀ ਐਸ) ਜਿੰਨ੍ਹਾਂ ਨੂੰ ਪਹਿਲਾਂ ਮਟੀਰੀਅਲ ਸੇਫਟੀ ਡੈਟਾ ਸ਼ੀਟਾਂ (ਐਮ ਐਸ ਡੀ ਐਸ) ਕਿਹਾ ਜਾਂਦਾ ਸੀ, ਵਿੱਚ ਇਸ ਬਾਰੇ ਲਾਭਦਾਇਕ ਜਾਣਕਾਰੀ ਹੁੰਦੀ ਹੈ ਕਿ ਕਿਸੇ ਪਦਾਰਥ ਨਾਲ ਸਬੰਧਿਤ ਵਾਤਾਵਰਣ ਦੇ ਜੋਖਮਾਂ ਅਤੇ ਖਤਰਿਆਂ ਦੀ ਨਿਗਰਾਨੀ ਤੁਸੀਂ ਕਿਵੇਂ ਕਰ ਸਕਦੇ ਹੋ
- ਬੀਮਾ ਕਰਨ ਵਾਲੇ ਆਮ ਤੌਰ ਤੇ ਜੋਖਮਾਂ ਅਤੇ ਖਤਰਿਆਂ ਦੀ ਨਿਗਰਾਨੀ ਤੁਸੀਂ ਕਿਵੇਂ ਕਰ ਸਕਦੇ ਹੋ ਦੇ ਬਾਰੇ ਤੁਹਾਨੂੰ ਲਾਭਦਾਇਕ ਜਾਣਕਾਰੀ ਦੇ ਸਕਦੇ ਹਨ
- ਤਕਨੀਕੀ, ਅੱਗ ਅਤੇ ਸਿਹਤ ਸੁਰੱਖਿਆ ਅਤੇ ਵਾਤਾਵਰਣ ਦੇ ਮਾਹਰ
- ਜਗ੍ਹਾ ਦੇ ਕਿੱਤੇ ਦੇ ਕੂੜੇ ਦਾ ਪ੍ਰਬੰਧ

## ਪੜ੍ਹਾਅ 2: ਖਤਰਿਆਂ ਦਾ ਮੁਲਾਂਕਣ




ਪੜ੍ਹਾਅ 1 ਵਿੱਚ ਪਛਾਣ ਕੀਤੇ ਗਏ ਜੋਖਮਾਂ ਦਾ ਹੁਣ ਤੁਹਾਨੂੰ ਇਹ ਸਭ ਪਤਾ ਕਰਨ ਲਈ ਮੁਲਾਂਕਣ ਕਰਨ ਦੀ ਲੋੜ ਹੈ ਕਿ:

- ਉਹ ਕਿਵੇਂ ਨੁਕਸਾਨ ਕਰ ਸਕਦੇ ਹਨ
- ਉਹ ਨੁਕਸਾਨ ਕਿੰਨਾ ਗੰਭੀਰ ਹੋ ਸਕਦਾ ਹੈ
- ਇਸ ਦੇ ਹੋਣ ਦੀ ਸੰਭਾਵਨਾ ਕਿੰਨੀ ਕੁ ਹੈ।

ਖਤਰੇ ਦਾ ਮੁਲਾਂਕਣ ਤੁਹਾਡੀ ਜੋਖਮਾਂ ਅਤੇ ਉਹਨਾ ਦੇ ਖਤਰਿਆਂ ਬਾਰੇ ਜਾਣਕਾਰੀ ਅਤੇ ਸਮਝ ਨੂੰ ਵਧਾਉਣ ਦਾ ਇਕ ਤਰੀਕਾ ਹੈ ਤਾਂ ਜੋ ਤੁਸੀਂ ਫੈਸਲਾ ਕਰ ਸਕੋ ਕਿ ਇਹਨਾਂ ਦੀ ਵਧੀਆ ਨਿਗਰਾਨੀ ਕਿਵੇਂ ਕਰਨੀ ਹੈ।

*ਇਹ ਕਰਨ ਲਈ, ਇਹਨਾਂ ਕਦਮਾਂ ਦੀ ਪਾਲਣਾ ਕਰੋ:*

1. ਹਿਸਾਬ ਲਗਾਓ ਕਿ ਜੋਖਮ ਦੀ ਕਿੰਨਾ ਕੁ ਅਸਰ ਪਾਉਣ ਦੀ ਸੰਭਾਵਨਾ ਹੋਵੇਗੀ।
2. ਹਰੇਕ ਅਸਰ ਦੇ ਨਤੀਜਿਆਂ ਜਾਂ ਗੰਭੀਰਤਾ ਦਾ ਹਿਸਾਬ ਲਗਾਓ।
3. ਹਰੇਕ ਜੋਖਮ ਦੇ ਖਤਰੇ ਦੇ ਦਰਜੇ ਦਾ ਹਿਸਾਬ ਲਗਾਓ।

## 1. ਹੋਣ ਦੀ ਸੰਭਾਵਨਾ ਦਾ ਹਿਸਾਬ ਲਗਾਓ

ਪਹਿਲਾ ਕਦਮ ਇਹ ਹਿਸਾਬ ਲਗਾਉਣਾ ਹੈ ਕਿ ਜੋਖਮ ਦੀ ਨੁਕਸਾਨ ਪਹੁੰਚਾਉਣ ਦੀ ਕਿੰਨੀ ਕੁ ਸੰਭਾਵਨਾ ਹੋਵੇਗੀ। ਹੋਣ ਦੀ ਸੰਭਾਵਨਾ ਇਸ ਉਪਰ ਆਧਾਰਿਤ ਹੈ ਕਿ ਤੁਸੀਂ ਇਸ ਬਾਰੇ ਕੀ ਜਾਣਦੇ ਹੋ, ਜਾਂ ਤੁਹਾਨੂੰ ਕੀ ਜਾਣਨ ਦੀ ਲੋੜ ਹੈ ਕਿ ਜੋਖਮ ਅਤੇ ਹਾਲਾਤ ਤੇ ਗਤੀਵਿਧੀਆਂ ਕਿਵੇਂ ਜੋਖਮ ਉਪਰ ਅਸਰ ਪਾ ਸਕਦੀਆਂ ਹਨ।

ਹੋਣ ਦੀ ਸੰਭਾਵਨਾ ਨੂੰ ਇਸ ਤਰ੍ਹਾਂ ਦਰਜਾ ਦਿੱਤਾ ਜਾ ਸਕਦਾ ਹੈ:

- ***ਪੱਕੀ:*** ਆਮ ਹਾਲਾਤਾਂ ਵਿੱਚ ਨਿਯਮਤ ਤੌਰ ਤੇ ਹੋਣ ਦੀ ਸੰਭਾਵਨਾ।
- ***ਬਹੁਤ ਜ਼ਿਆਦਾ ਸੰਭਾਵਨਾ:*** ਕਿਸੇ ਸਮੇਂ ਵੀ ਹੋਣ ਦੀ ਸੰਭਾਵਨਾ।
- ***ਸੰਭਾਵਨਾ:*** ਕਿਸੇ ਸਮੇਂ ਹੋ ਸਕਦੀ ਹੈ।
- ***ਸੰਭਾਵਨਾ ਨਹੀਂ:*** ਆਮ ਹਾਲਾਤਾਂ ਵਿੱਚ ਹੋਣ ਦੀ ਸੰਭਾਵਨਾ ਨਹੀਂ ਹੈ।
- ***ਬਹੁਤ ਹੀ ਘੱਟ:*** ਹੋ ਸਕਦੀ ਹੈ ਪਰ ਸ਼ਾਇਦ ਕਦੇ ਹੋਵੇਗੀ ਨਹੀਂ।

ਹੋਣ ਦੀ ਸੰਭਾਵਨਾ ਦਾ ਪਤਾ ਲਗਾਉਣ ਲਈ ਤੁਹਾਡੀ ਸਹਾਇਤਾ ਵਾਸਤੇ ਟੇਬਲ 3 ਵਿੱਚ ਖਾਸ ਰਸਤੇ ਦਿੱਤੇ ਗਏ ਹਨ।

***ਟੇਬਲ 3 ਹੋਣ ਦੀ ਸੰਭਾਵਨਾ ਦਾ ਹਿਸਾਬ ਲਗਾਉਣ ਦੇ ਖਾਸ ਰਸਤੇ***

| ਖਾਸ ਰਸਤੇ | ਵਿਸਥਾਰ |
|---|---|
| **ਪਹਿਲਾਂ ਕੀ ਹੋਇਆ ਸੀ** | ਇਹ ਵੇਖਣ ਨਾਲ ਕਿ ਪਹਿਲਾਂ ਕੀ ਹੋਇਆ ਸੀ, ਜਿਵੇਂ ਕਿ ਘਟਨਾਵਾਂ, ਦੁਰਘਟਨਾਵਾਂ ਅਤੇ ਬਾਲ-ਬਾਲ ਦੁਰਘਟਨਾ ਹੋਣ ਤੋਂ ਬਚਣ ਵਾਲੀਆਂ ਘਟਨਾਵਾਂ, ਤੁਹਾਨੂੰ ਹੋਣ ਵਾਲੀ ਸੰਭਾਵਨਾ ਬਾਰੇ ਵਧੀਆ ਵਿਚਾਰ ਮਿਲਦਾ ਹੈ। ਇਹ ਮਹੱਤਵਪੂਰਣ ਹੈ ਕਿ ਤੁਸੀਂ ਸਿਰਫ ਆਪਣੇ ਵਪਾਰ ਵੱਲ ਨਾ ਵੇਖੋ ਪਰ ਸਾਰੇ ਉਦਯੋਗ ਵਿੱਚ ਵੇਖੋ ਕਿ ਕੀ ਹੋਇਆ ਸੀ। |
| **ਪਹਿਲਾਂ ਤੋਂ ਲਾਗੂ ਨਿਗਰਾਨੀਆਂ** | ਨਿਗਰਾਨੀਆਂ ਵੱਲ ਵੇਖੋ ਜੋ ਤੁਸੀਂ ਪਹਿਲਾਂ ਤੋਂ ਲਾਗੂ ਕੀਤੀਆਂ ਹੋਈਆਂ ਹਨ ਅਤੇ ਉਹ ਕਿੰਨ੍ਹਾਂ ਵਧੀਆ ਕੰਮ ਕਰ ਰਹੀਆਂ ਹਨ। |
| **ਅਕਸਰ ਕਿੰਨੀ ਵਾਰ** | ਜੋਖਮ ਹਰ ਸਮੇਂ ਹੋ ਸਕਦਾ ਹੈ ਜਾਂ ਕਦੇ ਕਦਾਈਂ ਹੋ ਸਕਦਾ ਹੈ। ਜੇ ਜੋਖਮ ਵਾਰ ਵਾਰ ਹੁੰਦਾ ਹੈ ਤਾਂ ਇਸ ਦੀ ਸੰਭਾਵਨਾ ਜ਼ਿਆਦਾ ਹੈ ਕਿ ਇਹ ਨੁਕਸਾਨ ਕਰੇਗਾ। |
| **ਹਾਲਾਤਾਂ ਵਿੱਚ ਬਦਲਾਅ** | ਹਾਲਾਤ ਸਮੇਂ ਨਾਲ ਅਤੇ ਸਾਰੇ ਸਾਲ ਬਦਲਦੇ ਰਹਿੰਦੇ ਹਨ। ਇਹ ਬਦਲਾਅ ਕਿਸੇ ਜੋਖਮ ਦੀ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਉਪਰ ਅਸਰ ਪਾ ਸਕਦਾ ਹੈ। |
| **ਰਵੱਈਆ** | ਲੋਕ ਕਿਵੇਂ ਕੰਮ ਕਰਦੇ ਹਨ ਜਾਂ ਉਹਨਾਂ ਦਾ ਰਵੱਈਆ ਨੁਕਸਾਨ ਦੇ ਕਾਰਣ ਵਾਲੇ ਜੋਖਮ ਦੇ ਹੋਣ ਦੀ ਸੰਭਾਵਨਾ ਉਪਰ ਅਸਰ ਪਾ ਸਕਦਾ ਹੈ। ਉਦਾਹਰਣ ਵਜੋਂ ਲੋਕੀਂ ਗਲਤੀਆਂ ਕਰਦੇ ਹਨ, ਉਪਕਰਣ ਨੂੰ ਗਲਤ ਤਰੀਕੇ ਨਾਲ ਵਰਤਦੇ ਹਨ ਜਾਂ ਬਿਨਾਂ ਸੋਚੇ ਕੰਮ ਕਰਦੇ ਹਨ। |

## 2. ਨਤੀਜਿਆਂ ਦਾ ਹਿਸਾਬ ਲਗਾਉਣਾ

ਦੂਸਰਾ ਕਦਮ ਇਹ ਹਿਸਾਬ ਲਗਾਉਣ ਦਾ ਹੈ ਕਿ ਹਰੇਕ ਜੋਖਮ ਕੀ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਇਹ ਨੁਕਸਾਨ ਕਿੰਨਾ ਗੰਭੀਰ ਹੋ ਸਕਦਾ ਹੈ। ਇਹਨਾਂ ਬਾਰੇ ਸੋਚਣਾ ਮਹੱਤਵਪੂਰਣ ਹੈ:

- **ਨਿਗਰਾਨੀ ਤੋਂ ਪਹਿਲਾਂ ਦਾ ਖਤਰਾ (ਬੁਨਿਆਦੀ ਖਤਰਾ)** – ਕਿੰਨਾ ਨੁਕਸਾਨ ਹੋ ਸਕਦਾ ਹੈ ਜੇਕਰ ਕੋਈ ਵੀ ਨਿਗਰਾਨੀ ਲਾਗੂ ਨਹੀਂ ਕੀਤੀ ਗਈ ਹੋਵੇ ਤਾਂ

- **ਨਿਗਰਾਨੀ ਤੋਂ ਬਾਅਦ ਦਾ ਖਤਰਾ (ਬਾਕੀ ਖਤਰਾ)** – ਕਿੰਨਾ ਨੁਕਸਾਨ ਹੋ ਸਕਦਾ ਹੈ ਜੇਕਰ ਮੌਜੂਦਾ ਨਿਗਰਾਨੀਆਂ ਲਾਗੂ ਕੀਤੀਆਂ ਗਈਆਂ ਸਨ। ਇਹ ਇਸ ਚੀਜ਼ ਦਾ ਹਿਸਾਬ ਲਗਾਉਣ ਵਿੱਚ ਮਦਦ ਕਰੇਗਾ ਕਿ ਕੀ ਮੌਜੂਦਾ ਨਿਗਰਾਨੀਆਂ ਕੰਮ ਕਰ ਰਹੀਆਂ ਹਨ ਅਤੇ ਜੇਕਰ ਤੁਹਾਨੂੰ ਨਵੀਆਂ ਜਾਂ ਸੁਧਰੀਆਂ ਨਿਗਰਾਨੀਆਂ ਦੀ ਲੋੜ ਹੈ।
- ਜੋਖਮ ਵਾਲੀ ਗਤੀਵਿਧੀ ਕਿਵੇਂ *ਕੀਤੀ ਗਈ* ਨਾ ਕਿ ਇਹ ਕਿਵੇਂ *ਕੀਤੀ ਜਾਣੀ ਚਾਹੀਦੀ* ਹੈ। ਉਦਾਹਰਣ ਵਜੋਂ ਤੁਸੀਂ ਲਿਖਤੀ ਢੰਗ ਨਾਲੋਂ ਕੀ ਵੱਖਰਾ ਕੀਤਾ ਹੈ।
- ਹਾਲਾਤ ਜੋ ਜੋਖਮ ਦੇ ਨਾਲ ਸਬੰਧਿਤ ਰੋਜ਼ਾਨਾ ਆਮ ਨੇਮ ਤੋਂ ਬਾਹਰ ਹਨ ਇਸ ਦੇ ਨਾਲ ਨਾਲ ਚੀਜ਼ਾਂ ਆਮ ਤੌਰ ਤੇ ਕਿਵੇਂ ਹੋਣੀਆਂ ਚਾਹੀਦੀਆਂ ਹਨ। ਉਦਾਹਰਣ ਵਜੋਂ ਮੌਸਮ ਦੇ ਗੰਭੀਰ ਹਾਲਾਤ ਜੋਖਮ ਨੂੰ ਕਿਵੇਂ ਪ੍ਰਭਾਵਿਤ ਕਰਨਗੇ ਅਤੇ ਕਿੰਨੇ ਪ੍ਰਭਾਵ ਵਾਲੀਆਂ ਨਿਗਰਾਨੀਆਂ ਥਾਂ ਸਿਰ ਹਨ?

ਇਹਨਾਂ ਉਪਰ ਸੰਭਾਵਿਤ ਅਸਰ ਦੇ ਬਾਰੇ ਵੀ ਤੁਸੀਂ ਸੋਚੋ:

***ਲੋਕ*** – ਕਰਮਚਾਰੀ, ਪ੍ਰਾਹੁਣੇ, ਗਾਹਕ, ਠੇਕੇਦਾਰ, ਜੋਖਮਮਈ ਸੇਵਾ ਵਾਲੇ ਲੋਕ ਅਤੇ ਹੋਰ ਕੋਈ ਜਿਸ ਉਪਰ ਅਸਰ ਹੋ ਸਕਦਾ ਹੈ

***ਭਾਈਚਾਰਾ*** – ਖੇਤਰ ਵਿੱਚਲੇ ਲੋਕ (ਜਿਹੜੇ ਲੋਕ ਉੱਥੇ ਰਹਿੰਦੇ ਹਨ, ਉਨ੍ਹਾਂ ਸਮੇਤ), ਵਪਾਰ ਅਤੇ ਵੱਡਾ ਭਾਈਚਾਰਾ

***ਜਾਇਦਾਦ*** – ਉਸ ਜਗ੍ਹਾ ਉਪਰ ਉਤੇ ਗੁਆਂਢੀਆਂ ਦੀ ਜਾਇਦਾਦ ਦੇ ਨਾਲ ਨਾਲ ਜਨਤਾ ਅਤੇ ਭਾਈਚਾਰੇ ਦੇ ਖੇਤਰ ਜਿੰਨ੍ਹਾਂ ਵਿੱਚ ਸਕੂਲ, ਹਸਪਤਾਲ ਅਤੇ ਵੱਡੀਆਂ ਸੜਕਾਂ ਸ਼ਾਮਲ ਹੋ ਸਕਦੀਆਂ ਹਨ

***ਵਾਤਾਵਰਣ*** – ਸਥਾਨਿਕ ਨਾਲੇ ਅਤੇ ਵਗਦੇ ਪਾਣੀ, ਹਵਾ ਅਤੇ ਮਿੱਟੀ।

ਨਤੀਜਿਆਂ ਨੂੰ ਨੀਂਵੇਂ ਤੋਂ ਉਚਾ ਵਿਸਥਾਰਨ ਨਾਲ ਤੁਹਾਨੂੰ ਖਤਰੇ ਦੇ ਦਰਜੇ ਦਾ ਹਿਸਾਬ ਲਗਾਉਣ ਵਿੱਚ ਸਹਾਇਤਾ ਮਿਲ ਸਕਦੀ ਹੈ। ਨਤੀਜਿਆਂ ਦੇ ਵਿਸਥਾਰਾਂ ਦੀਆਂ ਉਦਾਹਰਣਾਂ ਵਾਸਤੇ ਚਿੱਤਰ 2 ਵੇਖੋ: ਖਤਰਾ ਮੈਟਰਿਕਸ ਉਦਾਹਰਣ।

***ਟੇਬਲ 4 ਨਤੀਜੇ ਦਾ ਹਿਸਾਬ ਲਗਾਉਣ ਲਈ ਪੁੱਛੇ ਜਾਣ ਵਾਲੇ ਸਵਾਲ***

| ਸਵਾਲ | ਵਿਸਥਾਰ |
|---|---|
| ਕਿਸ ਕਿਸਮ ਦਾ ਨੁਕਸਾਨ ਹੋ ਸਕਦਾ ਹੈ? | ਨੁਕਸਾਨ ਕਈ ਤਰ੍ਹਾਂ ਦੇ ਹੁੰਦੇ ਹਨ ਅਤੇ ਇਕ ਘਟਨਾ ਕਈ ਤਰ੍ਹਾਂ ਦੇ ਅਸਰ ਕਰ ਸਕਦੀ ਹੈ। ਉਦਾਹਰਣ ਵਜੋਂ ਉਹੀ ਘਟਨਾ ਵਾਤਾਵਰਣ ਦੇ ਨਾਲ ਨਾਲ ਲੋਕਾਂ ਦੀ ਸਿਹਤ ਦੋਵਾਂ ਉਪਰ ਨੁਕਸਾਨ ਪਹੁੰਚਾ ਸਕਦੀ ਹੈ। |
| ਨੁਕਸਾਨ ਕਿੰਨਾ ਗੰਭੀਰ ਹੈ ਉਸ ਉਪਰ ਕਿਹੜੀਆਂ ਚੀਜ਼ਾਂ ਅਸਰ ਪਾ ਸਕਦੀਆਂ ਹਨ? | ਖਤਰੇ ਦੇ ਨਤੀਜੇ ਵੱਖ ਵੱਖ ਹਾਲਾਤਾਂ ਵਿੱਚ ਬਦਲ ਸਕਦੇ ਹਨ। ਉਦਾਹਰਣ ਵਜੋਂ ਗਰਮ ਅਤੇ ਸੁੱਕੇ ਮੌਸਮ ਦੇ ਦੌਰਾਨ ਅੱਗ ਜ਼ਿਆਦਾ ਭਿਆਨਕ ਹੋ ਸਕਦੀ ਹੈ ਤੇ ਇਸ ਨੂੰ ਬੁਝਾਉਣਾ ਔਖਾ ਹੋ ਸਕਦਾ ਹੈ। |
| ਕਿਹੜੇ ਤਰੀਕਿਆਂ ਨਾਲ ਲੋਕਾਂ ਜਾਂ ਵਾਤਾਵਰਣ ਦਾ ਨੁਕਸਾਨ ਹੋ ਸਕਦਾ ਹੈ? | ਨਾਜ਼ੁਕ ਵਾਤਾਵਰਣ ਪ੍ਰਣਾਲੀ, ਜਿਵੇਂ ਕਿ ਦਲਦਲਾਂ ਅਤੇ ਵਗਦੇ ਪਾਣੀ ਦੇ ਨਾਲ ਨਾਲ ਨੇੜੇ ਦੇ ਰਿਹਾਇਸ਼ੀ ਖੇਤਰਾਂ, ਹਸਪਤਾਲਾਂ ਅਤੇ ਸੜਕਾਂ, ਉਪਰ ਹੋਣ ਵਾਲੇ ਅਸਰਾਂ ਬਾਰੇ ਸੋਚਣਾ ਖਾਸ ਮਹੱਤਵਪੂਰਣ ਹੈ। |

## 3. ਖਤਰੇ ਦੇ ਦਰਜੇ ਦਾ ਹਿਸਾਬ ਲਗਾਉਣਾ

ਖਤਰੇ ਦੇ ਨਤੀਜਿਆਂ ਅਤੇ ਹੋਣ ਦੀ ਸੰਭਾਵਨਾ ਬਾਰੇ ਸੋਚਣ ਤੋਂ ਬਾਅਦ ਖਤਰੇ ਦੇ ਸਮੁੱਚੇ ਦਰਜੇ ਦਾ ਹਿਸਾਬ ਲਗਾਉਣ ਲਈ ਤੁਹਾਨੂੰ ਇਹਨਾਂ ਦੋਵਾਂ ਨੂੰ ਇਕੱਠੇ ਵੇਖਣ ਦੀ ਲੋੜ ਪਵੇਗੀ।

ਚਿੱਤਰ 2 ਖਤਰੇ ਦੇ ਮੈਟਰਿਕਸ ਦੀ ਉਦਾਹਰਣ ਪੇਸ਼ ਕਰਦਾ ਹੈ ਜੋ ਕਿ ਤੁਸੀਂ ਵਰਤ ਸਕਦੇ ਹੋ। ਖਤਰੇ ਦੇ ਮੈਟਰਿਕਸ ਵਿੱਚ ਹੋਣ ਦੀ ਸੰਭਾਵਨਾ ਅਤੇ ਨਤੀਜਿਆਂ ਨੂੰ ਅੰਕ ਦਿੱਤੇ ਗਏ ਹਨ ਜਿੰਨ੍ਹਾਂ ਨੂੰ ਤੁਸੀਂ ਖਤਰੇ ਦੇ ਘੱਟ ਤੋਂ ਲੈ ਕੇ ਅਤਿਅੰਤ ਦਰਜਾ ਦੇ ਕੇ ਮੈਟਰਿਕਸ ਉਪਰ ਮਿਲਾ ਸਕਦੇ ਹੋ। ਇੱਥੇ ਕੁਝ ਹੋਰ ਵੀ ਸੰਦ ਹਨ ਜੋ ਕਿ ਤੁਸੀਂ *SA/SNZ HB 89:2013 Risk management – Guidelines on risk assessment techniques* (ਇਸ ਨੂੰ ਸਟੈਂਡਰਡ ਆਸਟ੍ਰੇਲੀਆ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ) ਵਿੱਚ ਲਿਖੇ ਖਤਰੇ ਦਾ ਹਿਸਾਬ ਲਗਾਉਣ ਲਈ ਵਰਤ ਸਕਦੇ ਹੋ।

ਖਤਰਿਆਂ ਨੂੰ ਦਰਜਾ ਦੇਣ ਦਾ ਕਾਰਨ ਤੁਹਾਨੂੰ ਖਤਰੇ ਦਾ ਪ੍ਰਬੰਧ ਕਰਨ ਸੰਬੰਧੀ ਫੈਸਲੇ ਲੈਣ ਵਿੱਚ ਸਹਾਇਤਾ ਕਰਨਾ ਹੈ।

***ਚਿੱਤਰ 2: ਖਤਰੇ ਦੇ ਮੈਟਰਿਕਸ ਦੀ ਉਦਾਹਰਣ***

| | | | | | | | |
|---|---|---|---|---|---|---|---|
| ਵਾਤਾਵਰਣ ਨੂੰ ਸਥਾਈ ਜਾਂ ਲੰਬੇ ਸਮੇਂ ਦਾ ਗੰਭੀਰ ਨੁਕਸਾਨ ਜਾਂ ਮੌਤ ਦਾ ਡਰ ਜਾਂ ਲੋਕਾਂ ਦੀ ਸਿਹਤ ਅਤੇ ਭਲਾਈ ਨੂੰ ਲੰਬੇ ਸਮੇਂ ਦਾ ਨੁਕਸਾਨ। | ਨਤੀਜਾ | ਗੰਭੀਰ | ਮੱਧਮ | ਉੱਚਾ | ਉੱਚਾ | ਅਤਿਅੰਤ | ਅਤਿਅੰਤ |
| ਵਾਤਾਵਰਣ ਨੂੰ ਗੰਭੀਰ ਨੁਕਸਾਨ ਜਾਂ ਲੋਕਾਂ ਦੀ ਸਿਹਤ ਅਤੇ ਭਲਾਈ ਨੂੰ ਉੱਚ ਦਰਜੇ ਦਾ ਨੁਕਸਾਨ। | | ਵੱਡਾ | ਮੱਧਮ | ਮੱਧਮ | ਉੱਚਾ | ਉੱਚਾ | ਅਤਿਅੰਤ |
| ਲੋਕਾਂ ਦੀ ਸਿਹਤ ਅਤੇ ਭਲਾਈ ਜਾਂ ਵਾਤਾਵਰਣ ਨੂੰ ਲੰਬੇ ਸਮੇਂ ਦਾ ਮੱਧ ਦਰਜੇ ਦਾ ਨੁਕਸਾਨ। | | ਦਰਮਿਆਨਾ | ਨੀਵਾਂ | ਮੱਧਮ | ਮੱਧਮ | ਉੱਚਾ | ਉੱਚਾ |
| ਵਾਤਾਵਰਣ ਉਪਰ ਘੱਟ ਅਸਰ ਜਾਂ ਲੋਕਾਂ ਦੀ ਸਿਹਤ ਅਤੇ ਭਲਾਈ ਉਪਰ ਅਸਰ ਦਾ ਘੱਟ ਮੌਕਾ। | | ਥੋੜ੍ਹਾ | ਨੀਵਾਂ | ਨੀਵਾਂ | ਮੱਧਮ | ਮੱਧਮ | ਉੱਚਾ |
| ਵਾਤਾਵਰਣ ਉਪਰ ਨਾਂਹ ਜਾਂ ਬਹੁਤ ਘੱਟ ਅਸਰ ਜਾਂ ਲੋਕਾਂ ਦੀ ਸਿਹਤ ਅਤੇ ਭਲਾਈ ਉਪਰ ਕੋਈ ਅਸਰ ਨਹੀਂ। | | ਘੱਟ | ਨੀਵਾਂ | ਨੀਵਾਂ | ਨੀਵਾਂ | ਮੱਧਮ | ਮੱਧਮ |
| | | | ਬਹੁਤ ਹੀ ਘੱਟ | ਘੱਟ ਸੰਭਾਵਨਾ | ਸੰਭਾਵਨਾ | ਬਹੁਤ ਸੰਭਾਵਨਾ | ਪੱਕੀ |
| | | | ਹੋਣ ਦੀ ਸੰਭਾਵਨਾ | | | | |
| | | | **ਹੋ ਸਕਦਾ ਹੈ ਪਰ ਸ਼ਾਇਦ ਕਦੇ ਹੋਵੇਗਾ ਨਹੀਂ** | **ਆਮ ਹਾਲਾਤਾਂ ਵਿੱਚ ਹੋਣ ਦੀ ਸੰਭਾਵਨਾ ਨਹੀਂ ਹੈ** | **ਕਿਸੇ ਸਮੇਂ ਹੋ ਸਕਦੀ ਹੈ** | **ਕਿਸੇ ਸਮੇਂ ਵੀ ਹੋਣ ਦੀ ਸੰਭਾਵਨਾ** | **ਆਮ ਹਾਲਾਤਾਂ ਵਿੱਚ ਨਿਯਮਤ ਤੌਰ ਤੇ ਹੋਣ ਦੀ ਸੰਭਾਵਨਾ** |

***ਖਤਰੇ ਦੇ ਦਰਜਿਆਂ ਦਾ ਵਿਸਥਾਰ***

| **ਖਤਰੇ ਦਾ ਦਰਜਾ** | **ਵਿਸਥਾਰ** |
|---|---|
| ਅਤਿਅੰਤ | ਖਤਰੇ ਦਾ ਦਰਜਾ ਬਿਲਕੁਲ ਸਵੀਕਾਰ ਨਹੀਂ। |

*ਇਸ ਸਫੇ ਨੂੰ ਜਾਣ ਕੇ ਖਾਲੀ ਛੱਡਿਆ ਗਿਆ ਹੈ।*

## ਪੜ੍ਹਾਅ 3: ਨਿਗਰਾਨੀਆਂ ਨੂੰ ਲਾਗੂ ਕਰਨਾ

ਖਤਰਿਆਂ ਦੀ ਨਿਗਰਾਨੀ ਕਰਨ ਲਈ ਸਭ ਤੋਂ ਜ਼ਿਆਦਾ ਪ੍ਰਭਾਵਿਤ ਤੋਂ ਲੈ ਕੇ ਸਭ ਤੋਂ ਘੱਟ ਪ੍ਰਭਾਵਿਤ ਆਪਣੇ ਵਿਕਲਪਾਂ ਦੀ ਦਰਜਾਬੰਦੀ ਕਰੋ, ਜਿਵੇਂ ਕਿ ਚਿੱਤਰ 3 ਵਿੱਚ ਵਿਖਾਇਆ ਗਿਆ ਹੈ। ਇਸ ਦਰਜਾਬੰਦੀ ਵਿੱਚ ਤੁਸੀਂ ਨਿਗਰਾਨੀਆਂ ਨੂੰ ਹੇਠਲੀਆਂ ਤਿੰਨ ਸ਼੍ਰੇਣੀਆਂ ਵਿੱਚੋਂ ਇਕ ਵਿੱਚ ਰੱਖੋ।

***ਖਤਮ ਕਰਨਾ:*** ਜੋਖਮ ਅਤੇ ਕਿਸੇ ਖਤਰੇ ਨੂੰ ਬਿਲਕੁਲ ਖਤਮ ਕਰ ਦੇਣਾ, ਸਭ ਤੋਂ ਜ਼ਿਆਦਾ ਪ੍ਰਭਾਵਿਤ ਨਿਗਰਾਨੀ ਹੈ।

***ਜੋਖਮ ਦਾ ਬਦਲ ਜਾਂ ਇੰਜੀਨੀਅਰਿੰਗ ਨਿਗਰਾਨੀਆਂ:*** ਦੂਸਰੀ ਸਭ ਤੋਂ ਜ਼ਿਆਦਾ ਪ੍ਰਭਾਵਿਤ ਨਿਗਰਾਨੀ ਜੋਖਮ ਦੇ ਕਾਰਣ ਦਾ ਕਿਸੇ ਹੋਰ ਸੁਰੱਖਿਅਤ ਚੀਜ਼ ਨਾਲ ਬਦਲ ਜਾਂ ਜੋਖਮ ਦੀ ਨਿਗਰਾਨੀ ਇੰਜੀਨੀਅਰਿੰਗ ਨਿਗਰਾਨੀਆਂ ਰਾਹੀਂ ਕਰੋ। ਕੰਮ ਚਲਾਉਣ ਲਈ ਇਹ ਨਿਗਰਾਨੀਆਂ ਲੋਕਾਂ ਦੁਆਰਾ ਕੀਤੇ ਕੰਮਾਂ ਤੋਂ ਸੁਤੰਤਰ ਹੋਣੀਆਂ ਚਾਹੀਦੀਆਂ ਹਨ।


- ਇਕ ਸੁਰੱਖਿਅਤ ਵਿਕਲਪ ਨਾਲ ਜੋਖਮ ਦਾ ***ਬਦਲ ਕਰਨਾ*** ਨਿਗਰਾਨੀ ਲਾਗੂ ਕਰਨਾ ਨਾਲੋਂ ਜ਼ਿਆਦਾ ਪ੍ਰਭਾਵੀ ਹੈ।
- *ਇੰਜੀਨੀਅਰਿੰਗ ਨਿਗਰਾਨੀਆਂ* ਜੋਖਮ ਵਾਸਤੇ ਭੌਤਿਕ ਨਿਗਰਾਨੀਆਂ ਹਨ। ਉਦਾਹਰਣਾਂ ਵਿੱਚ ਬੰਨ੍ਹ ਮਾਰਨਾ ਅਤੇ ਮਸ਼ੀਨ ਦੀ ਪ੍ਰਣਾਲੀ ਨੂੰ ਆਪਣੇ ਆਪ ਬੰਦ ਕਰਨਾ ਸ਼ਾਮਲ ਹਨ।

***ਪ੍ਰਬੰਧਕੀ ਨਿਗਰਾਨੀਆਂ ਅਤੇ ਵਿਅਕਤੀਆਂ ਵਾਸਤੇ ਨਿੱਜੀ ਸੁਰੱਖਿਆ ਉਪਕਰਣ (ਪੀ ਪੀ ਈ):*** ਸਭ ਤੋਂ ਘੱਟ ਪ੍ਰਭਾਵਿਤ ਨਿਗਰਾਨੀ ਲੋਕਾਂ ਉਪਰ ਇਹ ਭਰੋਸਾ ਕਰਨ ਤੇ ਨਿਰਭਰ ਹੈ ਕਿ ਉਹ ਠੀਕ ਕੰਮ ਕਰਦੇ ਹਨ ਜਾਂ ਹਮੇਸ਼ਾਂ ਧਿਆਨ ਰੱਖਦੇ ਹਨ।

- ਪ੍ਰਬੰਧਕੀ ਨਿਗਰਾਨੀਆਂ ਵਿੱਚ ਸਿਖਲਾਈ, ਕਾਰਵਾਈ, ਨੀਤੀ, ਦੇਖਭਾਲ ਜਾਂ ਸ਼ਿਫਟਾਂ ਦੇ ਡਿਜ਼ਾਈਨ ਸ਼ਾਮਲ ਹਨ ਜੋ ਕਿ ਜੋਖਮ ਦੇ ਡਰ ਨੂੰ ਘਟਾ ਦੇਣ ਜਾਂ ਲੋਕਾਂ ਨੂੰ ਜੋਖਮ ਦੇ ਬਾਰੇ ਘੱਟੋ ਘੱਟ ਦੱਸ ਦੇਣ। ਉਦਾਹਰਣਾਂ ਵਿੱਚ ਸ਼ੁਰੂਆਤੀ ਕਾਰਵਾਈਆਂ, ਇਜ਼ਾਜ਼ਤ ਦੇਣ ਵਾਲੀਆਂ ਪ੍ਰਣਾਲੀਆਂ ਅਤੇ ਸਿਖਲਾਈ ਸ਼ਾਮਲ ਹਨ।
- ਜੇਕਰ ਲੋਕ ਨੁਕਸਾਨਦਾਇਕ ਪਰਦੂਸ਼ਨ ਜਾਂ ਕੂੜੇ ਦੇ ਸੰਪਰਕ ਵਿੱਚ ਆਉਂਦੇ ਹਨ ਤਾਂ ਪੀ ਪੀ ਈ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

ਇਕੱਠੇ ਹੋ ਕੇ ਇਹ ਤੱਤ ਖਤਰੇ ਦੀ ਨਿਗਰਾਨੀ ਮਾਪਦੰਡਾਂ ਦਾ ਵਰਗੀਕਰਨ ਕਰਦੇ ਹਨ।

*ਚਿੱਤਰ 3: ਜੋਖਮਾਂ ਅਤੇ ਖਤਰਿਆਂ ਦੀ ਨਿਗਰਾਨੀ ਦਾ ਵਰਗੀਕਰਨ*




ਕਈ ਵਾਰੀ ਜੋਖਮ ਦੇ ਹੋਣ ਦੀ ਸੰਭਾਵਨਾ ਜਾਂ ਨਤੀਜੇ ਦਾ ਹਿਸਾਬ ਲਗਾਉਣਾ ਔਖਾ ਹੁੰਦਾ ਹੈ। ਜੇਕਰ ਕੋਈ ਨਿਗਰਾਨੀਆਂ ਹਨ ਜੋ ਤੁਸੀਂ ਆਰਾਮ ਨਾਲ ਲਾਗੂਕਰ ਸਕਦੇ ਹੋ ਤਦ ਤੁਸੀਂ ਕਿਸੇ ਵੀ ਹਾਲਤ ਵਿੱਚ ਉਹਨਾਂ ਨੂੰ ਜ਼ਰੂਰ ਵਰਤੋ – ਇਸ ਨੂੰ ਸਾਵਧਾਨੀ ਵਰਤਨ ਵਾਲਾ ਸਿਧਾਂਤ ਕਿਹਾ ਜਾਂਦਾ ਹੈ।

## ਨਿਗਰਾਨੀਆਂ ਦੀ ਰੋਕਥਾਮ ਅਤੇ ਇਨ੍ਹਾਂ ਨੂੰ ਘੱਟ ਕਰਨਾ

ਤੁਸੀਂ ਨਿਗਰਾਨੀਆਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡ ਸਕਦੇ ਹੋ, ਰੋਕਥਾਮ ਅਤੇ ਘੱਟ ਕਰਨ ਵਾਲੀਆਂ।

- ***ਰੋਕਥਾਮ ਵਾਲੀਆਂ ਨਿਗਰਾਨੀਆਂ*** ਨੁਕਸਾਨਦਾਇਕ ਘਟਨਾਵਾਂ ਨੂੰ ਆਰੰਭ ਤੋਂ ਹੀ ਵਾਪਰਨ ਤੋਂ ਰੋਕਦੀਆਂ ਹਨ।
- ***ਘੱਟ ਕਰਨ ਵਾਲੀਆਂ ਨਿਗਰਾਨੀਆਂ*** ਨੁਕਸਾਨਦਾਇਕ ਘਟਨਾ ਦੇ ਨਤੀਜੇ ਜਾਂ ਨੁਕਸਾਨ ਨੂੰ ਘਟਾ ਦਿੰਦੀਆਂ ਹਨ।

ਰੋਕਥਾਮ ਵਾਲੀਆਂ ਨਿਗਰਾਨੀਆਂ ਖਤਰੇ ਨੂੰ ਬਿਲਕੁਲ ਖਤਮ ਕਰ ਦਿੰਦੀਆਂ ਹਨ ਜਦੋਂ ਕਿ ਘੱਟ ਕਰਨ ਵਾਲੀਆਂ ਨਿਗਰਾਨੀਆਂ ਉਸ ਖਤਰੇ ਨੂੰ ਜਿਸ ਨੂੰ ਤੁਸੀਂ ਖਤਮ ਨਹੀਂ ਕਰ ਸਕਦੇ ਦੇ ਹੋ, ਨੁਕਸਾਨਦਾਇਕ ਅਸਰਾਂ ਨੂੰ ਘਟਾਉਣ ਦੀ ਕੋਸ਼ਿਸ਼ ਕਰਦੀਆਂ ਹਨ।

*ਟੇਬਲ 5 ਰੋਕਥਾਮ ਅਤੇ ਘੱਟ ਕਰਨ ਵਾਲੀਆਂ ਨਿਗਰਾਨੀਆਂ ਦੀਆਂ ਉਦਾਹਰਣਾਂ*

| *ਰੋਕਥਾਮ ਵਾਲੀਆਂ ਨਿਗਰਾਨੀਆਂ* | *ਘੱਟ ਕਰਨ ਵਾਲੀਆਂ ਨਿਗਰਾਨੀਆਂ* |
|---|---|
| ਕੂੜੇ ਦੇ ਸਮੇਤ ਖਤਰਨਾਕ ਤਰਲਾਂ ਅਤੇ ਗੈਸਾਂ ਦਾ ਸੁਰੱਖਿਅਤ ਭੰਡਾਰ | ਡੁੱਲਣ ਵਾਲੀਆਂ ਕਿੱਟਾਂ ਜੋ ਜਲਦੀ ਵਰਤੀਆਂ ਜਾ ਸਕਣ ਜੇਕਰ ਕੁਝ ਡੁੱਲਦਾ ਹੈ |
| ਕੰਮ ਦੀ ਪ੍ਰਣਾਲੀ ਵਿੱਚ ਆਗਿਆ ਪੱਤਰ | ਅੱਗ ਬੁਝਾਊ ਯੰਤਰ |
| ਸੁਰੱਖਿਆ ਪ੍ਰਣਾਲੀਆਂ | ਜੋਖਮਮਈ ਪ੍ਰਬੰਧਕੀ ਯੋਜਨਾਵਾਂ |
| ਉਪਕਰਣਾਂ ਦੀ ਨਿਯਮਤ ਜਾਂਚ ਅਤੇ ਸਾਂਭ ਸੰਭਾਲ | ਬੰਨ੍ਹ |
| ਰਿਸਾਵ ਦਾ ਪਤਾ ਲਾਉਣ ਤੇ ਮੁਰੰਮਤ ਦੇ ਪ੍ਰੋਗਰਾਮ | ਗੈਸ ਫਲੇਅਰਾਂ ਇਹਨਾਂ ਨੂੰ ਫਲੇਅਰ ਸਟੈਕਸ ਵੀ ਕਹਿੰਦੇ ਹਨ |

## ਜੋਖਮ ਅਤੇ ਖਤਰਾ ਰਜਿਸਟਰ

ਤੁਸੀਂ ਸਾਰੇ ਪਛਾਣੇ ਜੋਖਮਾਂ ਅਤੇ ਉਹਨਾਂ ਦੇ ਖਤਰਿਆਂ ਨੂੰ ਇਕ ਰਜਿਸਟਰ ਵਿੱਚ ਰਿਕਾਰਡ ਕਰ ਸਕਦੇ ਹੋ। ਇਸ ਦਾ ਅਰਥ ਕਿ ਮੁੱਖ ਕਰਮਚਾਰੀ ਵਪਾਰ ਦੇ ਖਾਸ ਖਤਰਿਆਂ ਨੂੰ ਸਮਝ ਸਕਦੇ ਹਨ ਅਤੇ ਖਤਰੇ ਨੂੰ ਫੈਸਲਾ ਲੈਣ ਦੀਆਂ ਕਾਰਵਾਈਆਂ ਦੇ ਹਿੱਸੇ ਵਜੋਂ ਸੋਚ ਸਕਦੇ ਹਨ।

ਹਰੇਕ ਜੋਖਮ ਅਤੇ ਖਤਰੇ ਵਾਸਤੇ ਪਹਿਲਾਂ ਤੋਂ ਥਾਂ ਸਿਰ ਲਾਈਆਂ ਨਿਗਰਾਨੀਆਂ ਇਸ ਰਜਿਸਟਰ ਵਿੱਚ ਸ਼ਾਮਲ ਹੋ ਸਕਦੀਆਂ ਹਨ। ਚੱਲ ਰਹੇ ਕਿਸੇ ਖਤਰੇ ਨੂੰ ਘਟਾਉਣ ਲਈ ਕਦੋਂ ਨਵੀਆਂ ਨਿਗਰਾਨੀਆਂ ਜੋੜੀਆਂ ਜਾ ਸਕਦੀਆਂ ਹਨ ਦੀ ਪਛਾਣ ਕਰਨ ਵਿੱਚ ਸਹਾਇਤਾ ਵਾਸਤੇ ਵੀ ਤੁਸੀਂ ਇਸ ਨੂੰ ਵਰਤ ਸਕਦੇ ਹੋ।

ਜੇਕਰ ਤੁਸੀਂ ਨਿਯਮਤ ਰੂਪ ਵਿੱਚ ਰਜਿਸਟਰ ਦੀ ਸਮੀਖਿਆ ਕਰਦੇ ਹੋ ਤੁਹਾਡਾ ਵਪਾਰ ਜੋਖਮ ਦੀਆਂ ਪ੍ਰਭਾਵੀ ਨਿਗਰਾਨੀਆਂ ਉਪਰ ਧਿਆਨ ਕੇਂਦਰਿਤ ਕਰਨ ਦੇ ਯੋਗ ਹੋਵੇਗਾ। ਇਸ ਦੇ ਨਾਲ ਨਾਲ ਜੋਖਮਾਂ ਦੇ ਤੁਹਾਡੇ ਪ੍ਰਬੰਧ ਵਿੱਚ ਵੀ ਲਗਾਤਾਰ ਸੁਧਾਰ ਹੁੰਦਾ ਰਹੇਗਾ।

ਅਸੀਂ ਇਸ ਗਾਈਡ ਦੇ ਅਖੀਰ ਵਿੱਚ ਜੋਖਮ ਅਤੇ ਖਤਰੇ ਦੇ ਰਜਿਸਟਰ ਦੀ ਉਦਾਹਰਣ ਸ਼ਾਮਲ ਕੀਤੀ ਹੈ।

# ਪੜ੍ਹਾਅ 4: ਨਿਗਰਾਨੀਆਂ ਦੀ ਜਾਂਚ




ਖਤਰਿਆਂ ਨੂੰ ਖਤਮ ਕਰਨ ਜਾਂ ਘਟਾਉਣ ਵਾਸਤੇ ਜਿਹੜੀਆਂ ਨਿਗਰਾਨੀਆਂ ਤੁਸੀਂ ਲਾਗੂ ਕੀਤੀਆਂ ਹਨ ਉਹਨਾਂ ਦਾ ਨਿਰੀਖਣ ਲੋੜੀਂਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਉਸ ਤਰੀਕੇ ਨਾਲ ਕੰਮ ਕਰ ਰਹੀਆਂ ਹਨ ਜਿਵੇਂ ਉਹਨਾਂ ਨੂੰ ਕਰਨਾ ਚਾਹੀਦਾ ਸੀ।

### *ਨਿਗਰਾਨੀਆਂ ਦੀ ਜਾਂਚ*

ਨਿਗਰਾਨੀਆਂ ਦੀ ਜਾਂਚ ਵੀ ਉਹੀ ਤਰੀਕੇ ਵਰਤਦੇ ਹਨ ਜੋ ਤੁਸੀਂ ਪੜ੍ਹਾਅ 1 ਵਿੱਚ ਜੋਖਮਾਂ ਦੀ ਪਛਾਣ ਕਰਨ ਵਾਸਤੇ ਵਰਤੇ ਸੀ।

# ਖਤਰਾ ਪ੍ਰਬੰਧ

## ਪੜ੍ਹਾਅ ਚਾਰ: ਨਿਗਰਾਨੀਆਂ ਜਾਂਚੋ

ਇਹ ਜਾਂਚ ਕਰਨ ਲਈ ਕਿ ਤੁਹਾਡੀਆਂ ਨਿਗਰਾਨੀਆਂ ਕਿੰਨੀਆਂ ਪ੍ਰਭਾਵੀ ਹਨ, ਤੁਸੀਂ ਆਮ ਤਰੀਕੇ ਵਰਤ ਸਕਦੇ ਹੋ, ਇਹਨਾਂ ਵਿੱਚ ਸ਼ਾਮਲ ਹਨ:

- ਨਿਯਮਤ ਜਗ੍ਹਾ ਦੀ ਜਾਂਚ ਅਤੇ ਪੜਤਾਲਾਂ
- ਕਰਮਚਾਰੀਆਂ, ਠੇਕੇਦਾਰਾਂ, ਰਹਿਣ ਵਾਲਿਆਂ ਅਤੇ ਮਾਲਕਾਂ ਨਾਲ ਗੱਲਬਾਤ ਕਰਨੀ
- ਖਤਰਾ ਨਿਗਰਾਨੀ ਪ੍ਰਣਾਲੀ ਦਾ ਨਿਰੀਖਣ, ਜਾਂਚ ਅਤੇ ਸਾਂਭ ਸੰਭਾਲ
- ਜਾਣਕਾਰੀ ਵਰਤਣੀ ਜਿਵੇਂ ਕਿ ਬਨਾਉਣ ਵਾਲੇ ਅਤੇ ਪੂਰਤੀ ਕਰਨ ਵਾਲੇ ਦੇ ਨਿਰਦੇਸ਼
- ਰਿਕਾਰਡ ਅਤੇ ਡੈਟੇ ਦਾ ਵਿਸ਼ਲੇਸ਼ਣ ਜਿਵੇਂ ਕਿ ਘਟਨਾ ਅਤੇ ਲੱਗਭੱਗ ਘਟਨਾ ਦੀਆਂ ਰਿਪੋਰਟਾਂ।

ਜੇਕਰ ਤੁਸੀਂ ਇਹ ਜਾਂਚਾਂ ਨਿਯਮਤ ਰੂਪ ਵਿੱਚ ਕਰੋ ਤਾਂ ਤੁਸੀਂ ਉਨ੍ਹਾਂ ਨਿਗਰਾਨੀਆਂ ਦੀ ਪਛਾਣ ਕਰ ਸਕਦੇ ਹੋ ਜੋ ਕੰਮ ਨਹੀਂ ਕਰ ਰਹੀਆਂ ਹਨ, ਅਤੇ ਨਾਲ ਹੀ ਸੁਧਾਰ ਦੇ ਮੌਕਿਆਂ ਦੀ ਪਛਾਣ ਕਰ ਸਕਦੇ ਹੋ।

### *ਪ੍ਰਭਾਵੀ ਨਿਗਰਾਨੀਆਂ ਦੀ ਸਾਂਭ ਸੰਭਾਲ*

ਨਿਗਰਾਨੀਆਂ ਦੀ ਸਾਂਭ ਸੰਭਾਲ ਕਰਨ ਲਈ ਅਤੇ ਯਕੀਨੀ ਬਨਾਉਣ ਲਈ ਕਿ ਉਹ ਪ੍ਰਭਾਵੀ ਰਹਿਣ, ਤੁਹਾਨੂੰ ਹੇਠਾਂ ਦਿੱਤੇ ਕੰਮ ਕਰਨੇ ਪੈਣਗੇ:

- ਜੋਖਮਾਂ ਅਤੇ ਖਤਰੇ ਦਾ ਨਿਯਮਤ ਰੂਪ ਵਿੱਚ ਮੁਲਾਂਕਣ ਕਰਨਾ ਕਿਉਂਕਿ ਇਹ ਸਮੇਂ ਦੇ ਨਾਲ ਬਦਲ ਸਕਦੇ ਹਨ
- ਸਾਰੀਆਂ ਇੰਜੀਨੀਅਰਿੰਗ ਨਿਗਰਾਨੀਆਂ ਦੀ ਨਿਯਮਤ ਰੂਪ ਵਿੱਚ ਸਮੀਖਿਆ, ਜਾਂਚ ਅਤੇ ਸਾਂਭ ਸੰਭਾਲ ਕਰਨੀ
- ਖਤਰਿਆਂ ਅਤੇ ਉਹਨਾਂ ਦੀਆਂ ਨਿਗਰਾਨੀਆਂ ਲਈ ਕਿਸੇ ਨੂੰ ਜ਼ਿੰਮੇਵਾਰ ਬਨਾਉਣਾ
- ਕਰਮਚਾਰੀਆਂ ਅਤੇ ਹੋਰ ਲੋਕਾਂ ਜਿਵੇਂ ਕਿ ਬੀਮਾ ਪ੍ਰਦਾਤਾ ਅਤੇ ਜੋਖਮਮਈ ਸੇਵਾ ਦੇ ਨੁਮਾਇੰਦਿਆਂ ਦੇ ਨਾਲ ਨਿਯਮਤ ਰੂਪ ਵਿੱਚ ਗੱਲ ਕਰੋ
- ਜੋਖਮਾਂ ਅਤੇ ਖਤਰਾ ਨਿਗਰਾਨੀਆਂ ਬਾਰੇ ਸਭ ਨਾਲ ਸਪੱਸ਼ਟ ਗੱਲ ਕਰਨੀ ਜਿੰਨ੍ਹਾਂ ਨੂੰ ਉਹ ਪ੍ਰਭਾਵਿਤ ਕਰ ਸਕਦੀਆਂ ਹਨ
- ਪ੍ਰਬੰਧਕੀ ਨਿਗਰਾਨੀਆਂ ਵਾਸਤੇ ਕਰਮਚਾਰੀਆਂ ਨੂੰ ਨਵਿਆਉਣ ਵਾਲੀ ਸਿਖਲਾਈ ਸਮੇਤ ਨਿਯਮਤ ਰੂਪ ਵਿੱਚ ਸਿਖਲਾਈ ਦੇਵੋ।

## ਨਾਲ ਨੱਥੀ ਕੀਤਾ: ਜੋਖਮ ਅਤੇ ਖਤਰਾ ਰਜਿਸਟਰ ਦੀ ਉਦਾਹਰਣ

ਨੋਟ: ਇਹ ਜੋਖਮ ਰਜਿਸਟਰ ਘੱਟ ਖਤਰੇ ਵਾਲੇ ਵਪਾਰਾਂ ਲਈ ਉਚਿੱਤ ਹੈ। ਵੱਡੇ ਖਤਰੇ ਵਾਲੇ ਜਾਂ ਵੱਡੇ ਵਪਾਰਾਂ ਨੂੰ ਹੋਰ ਗੁੰਝਲਦਾਰ ਰਜਿਸਟਰ ਅਪਨਾਉਣ ਦੀ ਲੋੜ ਪੈ ਸਕਦੀ ਹੈ।

| **ਸੋਧ:** | | **ਤਰੀਕ:** | | **ਹਾਜ਼ਰ ਲੋਕ:** | |
|---|---|---|---|---|---|

| ਨੰਬਰ | ਜੋਖਮ | ਸੰਭਾਵੀ ਨੁਕਸਾਨ | ਖਤਰੇ ਦਾ ਮੁਲਾਂਕਣ | | | ਮੌਜੂਦਾ ਨਿਗਰਾਨੀਆਂ | ਹੋਰ ਕਿਹੜੀਆਂ ਨਿਗਰਾਨੀਆਂ ਦੀ ਲੋੜ ਹੈ? | ਕਾਰਵਾਈਆਂ | | |
|---|---|---|---|---|---|---|---|---|---|---|
| | | | ਨਤੀਜਾ | ਹੋਣ ਦੀ ਸੰਭਾਵਨਾ | ਖਤਰੇ ਦਾ ਦਰਜਾ | | | ਕਰਨ ਵਾਲਾ | ਨੀਯਤ ਤਰੀਕ | ਪੂਰਾ ਕਰਨ ਦੀ ਤਰੀਕ |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |

ਪਰਕਾਸ਼ਨ 1695.1* ਅਗਸਤ 2018
* ਇਹ ਮਈ 2018 ਵਿੱਚ ਪਰਕਾਸ਼ਿਤ 1695 ਦੀ ਥਾਂ ਲੈਂਦਾ ਹੈ

ਈ ਪੀ ਏ ਵਿਕਟੋਰੀਆ ਦੁਆਰਾ ਅਧਿਕਾਰਤ ਅਤੇ ਪਰਕਾਸ਼ਿਤ
ਲੈਵਲ 3, 200 ਵਿਕਟੋਰੀਆ ਸਟਰੀਟ, ਕਾਰਲਟਨ ਵਿਕਟੋਰੀਆ 3053
1300 372 842 (1300 EPA VIC)

ਇਸ ਪਰਕਾਸ਼ਨ ਨੂੰ PDF ਰੂਪ ਵਿੱਚ **epa.vic.gov.au** ਉਪਰ ਔਨਲਾਈਨ ਲੱਭਿਆ ਜਾ ਸਕਦਾ ਹੈ

ਜੇਕਰ ਤੁਹਾਨੂੰ ਦੋਭਾਸ਼ੀਏ ਦੀ ਸਹਾਇਤਾ ਦੀ ਲੋੜ ਹੈ ਜਾਂ ਤੁਸੀਂ ਇਸ ਦਸਤਾਵੇਜ਼ ਦਾ ਅਨੁਵਾਦ ਚਾਹੁੰਦੇ ਹੋ, ਕਿਰਪਾ ਕਰਕੇ 131 540 ਨੂੰ ਫੋਨ ਕਰਕੇ ਆਪਣੀ ਤਰਜੀਹੀ ਭਾਸ਼ਾ ਬਾਰੇ ਦੱਸੋ।